Vide R.N.I. No. Pun-Pun 2002/8323 ASR/0001/2018/20

ੴ ਸਤਿਗੁਰ ਪ੍ਰਸਾਦਿ ॥

ਸਚੀ ਤੇਰੀ ਸਿਫਤਿ ਸਚੀ ਸਾਲਾਹ ॥ ਸਚੀ ਤੇਰੀ ਕੁਦਰਤਿ ਸਚੇ ਪਾਤਿਸਾਹ ॥

ਭੇਟਾ : 30/-

ਧੰਨ ਧੰਨ ਮਾਤਾ ਕੌਲਾਂ ਜੀ

# ਸਿਫਤਿ ਸਾਲਾਹ

ਨਿਰੋਲ ਧਾਰਮਿਕ ਪੱਤ੍ਰਿਕਾ

ਅੰਕ: 133
D.O.P. 10 March 2020

ਸਿਮਰੋ ਸ੍ਰੀ ਹਰਿਰਾਇ



ਗੁ: ਸ੍ਰੀ ਕੀਰਤਪੁਰ ਸਾਹਿਬ



ਧੰਨ ਧੰਨ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ

ਮੈਂਬਰ ਬਣੋ | **ਮੈਨੂੰ ਜ਼ਰੂਰ ਪੜ੍ਹੋ** | ਮੈਂਬਰ ਬਣੋ

ਸਿਫਤਿ ਸਾਲਾਹ ਦੇ ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਗੁਰੂ ਸਾਹਿਬ ਜੀ ਦੀ ਕਿਰਪਾ ਨਾਲ ਪਿਛਲੇ 22 ਸਾਲਾਂ ਤੋਂ ਸਿਫਤਿ ਸਾਲਾਹ ਨਿਰੋਲ ਧਾਰਮਿਕ ਰਸਾਲਾ ਬੀਬੀ ਕੌਲਾਂ ਜੀ ਭਲਾਈ ਕੇਂਦਰ ਟਰੱਸਟ ਵੱਲੋਂ ਛਾਪ ਕੇ ਸੰਗਤਾਂ ਦੇ ਘਰ-ਘਰ ਪਹੁੰਚਾਇਆ ਜਾ ਰਿਹਾ ਹੈ। ਸਿਫਤਿ ਸਾਲਾਹ ਦੀ ਛਪਾਈ ਤੋਂ ਲੈ ਕੇ ਪੋਸਟ ਕਰਨ ਤੱਕ ਦੇ ਖਰਚੇ ਵੱਧ ਜਾਣ ਕਰਕੇ ਰਸਾਲੇ ਦੇ ਚੰਦੇ ਵਿੱਚ ਵਾਧਾ ਕੀਤਾ ਜਾ ਰਿਹਾ ਹੈ। ਸਾਨੂੰ ਆਸ ਹੈ ਕਿ ਆਪ ਸੰਗਤਾਂ ਅਸੀਸ ਬਖਸ਼ ਕੇ ਇਸੇ ਤਰ੍ਹਾਂ ਅਗਾਂਹ ਵੀ ਸਹਿਯੋਗ ਬਖਸ਼ੋਗੇ। ਰਸਾਲੇ ਦਾ ਚੰਦਾ ਹੁਣ ਇਸ ਪ੍ਰਕਾਰ ਹੈ ਜੀ। ਵਧੇਰੇ ਜਾਣਕਾਰੀ ਲਈ ਸੰਪਰਕ ਨੰ. 98765-25850

ਸਿਫਤਿ ਸਾਲਾਹ ਪੜ੍ਹੋ

| ਚੰਦਾ | ਦੇਸ਼ | ਵਿਦੇਸ਼ |
|---|---|---|
| ਇੱਕ ਸਾਲ | 150/- ਰੁ: | 1200/- ਰੁ: |
| ਦੋ ਸਾਲ | 300/- ਰੁ: | 2400/- ਰੁ: |
| ਪੰਜ ਸਾਲ | 600/- ਰੁ: | 4800/- ਰੁ: |
| ਲਾਈਫ | 2400/- ਰੁ: | 19200/- ਰੁ: |

ਸਿਫਤਿ ਸਾਲਾਹ ਕਰੋ

## ਨਵੀਂ ਕਿਤਾਬ ਰਿਲੀਜ਼ ਸਰਲ ਕੀਰਤਨ ਸਿੱਖਿਆ ਦਾ ਤੀਸਰਾ ਭਾਗ

ਭਾਈ ਹਰਦੇਵ ਸਿੰਘ ਜੀ ਦੀਵਾਨਾ ਵੱਲੋਂ ਸਰਲ ਕੀਰਤਨ ਸਿੱਖਿਆ ਕਿਤਾਬ ਦਾ ਤੀਸਰਾ ਭਾਗ ਰਿਲੀਜ਼ ਕੀਤਾ ਗਿਆ। ਜਿਸ ਵਿੱਚ ਬਹੁਤ ਹੀ ਸੁਚੱਜੇ ਤੇ ਸੌਖੇ ਢੰਗ ਨਾਲ ਨੋਟੀਸ਼ਨਾਂ ਦਿੱਤੀ ਗਈਆਂ ਹਨ ਤਾਂ ਜੋ ਹਰ ਕੀਰਤਨ ਸਿੱਖਣ ਵਾਲਾ ਵਦਿਆਰਥੀ ਲਾਭ ਲੈ ਸਕੇ।




ਹਫਤਾਵਾਰੀ ਕੀਰਤਨ ਸਮਾਗਮ ਤੇ ਤੀਸਰੀ ਨਵੀਂ ਕਿਤਾਬ ਸਰਲ ਕੀਰਤਨ ਸਿੱਖਿਆ ਰਿਲੀਜ਼ ਕਰਦੇ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ, ਸ੍ਰ. ਰਬਜੀਤ ਸਿੰਘ ਜੀ (ਫਰਮ ਚਤਰ ਸਿੰਘ ਜੀਵਨ ਸਿੰਘ) ਤੇ ਭਾਈ ਹਰਦੇਵ ਸਿੰਘ ਜੀ ਦੀਵਾਨਾ।

### ਪਹਿਲੀਆਂ ਛਪ ਚੁੱਕੀਆਂ ਦੋ ਪੁਸਤਕਾਂ










ਭਾਈ ਹਰਦੇਵ ਸਿੰਘ ਜੀ ਦੀਵਾਨਾ ਸਮਾਗਮ ਦੌਰਾਨ ਕੀਰਤਨ ਦੀ ਹਾਜ਼ਰੀ ਭਰਦੇ ਹੋਏ।

Asr. G.P.O.No. PB0001/ 2018-20

ੴ ਸਤਿਗੁਰ ਪ੍ਰਸਾਦਿ।।

ਅੰਕ-133ਵਾਂ (2020)

ਧੰਨ ਧੰਨ ਮਾਤਾ ਕੌਲਾਂ ਜੀ

# ਸਿਫਤਿ ਸਾਲਾਹ

ਨਿਰੋਲ ਧਾਰਮਿਕ ਪੱਤ੍ਰਿਕਾ

E-mail : sifitsalah@yahoo.com
Website : www.bibikaulanjibhalaikendertrust.org

**ਸਰਪ੍ਰਸਤ**
ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ

**ਮੁੱਖ ਸੰਪਾਦਕ**
ਭਾਈ ਹਰਵਿੰਦਰ ਪਾਲ ਸਿੰਘ ਲਿਟਲ

**ਸਹਾਇਕ ਸੰਪਾਦਕ**
ਭਾਈ ਹਰਵਿੰਦਰ ਸਿੰਘ (ਡੀ ਸੀ)

**ਸੰਪਾਦਕੀ ਬੋਰਡ**
ਭਾਈ ਤੇਜਪਾਲ ਸਿੰਘ, ਭਾਈ ਪਾਲ ਸਿੰਘ, ਭਾਈ ਜਸਵਿੰਦਰ ਸਿੰਘ (ਪਟਿਆਲਾ)
ਬੀਬੀ ਪਰਮਜੀਤ ਕੌਰ (ਪੰਮਾ ਭੈਣ ਜੀ), ਭਾਈ ਅੰਮ੍ਰਿਤਪਾਲ ਸਿੰਘ, ਸ. ਕਮਲਪ੍ਰੀਤ ਸਿੰਘ
ਸ. ਕੁਲਬੀਰ ਸਿੰਘ (ਸਿਵਲ ਲਾਈਨ ਵਾਲੇ), ਸ. ਹਰਮਿੰਦਰ ਸਿੰਘ, ਸ. ਰਮਿੰਦਰ ਸਿੰਘ

**ਐਡਵੋਕੇਟ**
ਸ. ਸੁਰਿੰਦਰ ਸਿੰਘ ਕੰਵਰ

**ਸਲਾਹਕਾਰ**
ਸ. ਟਹਿਲਇੰਦਰ ਸਿੰਘ

**ਵਿਸ਼ੇਸ਼ ਸਹਿਯੋਗ**
ਸ. ਹਰਭਜਨ ਸਿੰਘ ਲੁਧਿਆਣਾ
ਸ. ਕੰਵਲਜੀਤ ਸਿੰਘ, ਦਿੱਲੀ

**ਪ੍ਰਕਾਸ਼ਕ**
ਗੁਰਮਤਿ ਸਤਿਸੰਗ ਸਭਾ
ਧੰਨ ਧੰਨ ਬੀਬੀ ਕੌਲਾਂ ਜੀ (ਰਜਿ.)
ਸ੍ਰੀ ਅੰਮ੍ਰਿਤਸਰ।

ਕੰਪਿਊਟਰ: ਸਿਫਤਿ ਸਾਲਾਹ ਦਫਤਰ

ਨਾਮ :- ਧੰਨ ਧੰਨ ਮਾਤਾ ਕੌਲਾਂ ਜੀ ਸਿਫਤਿ ਸਾਲਾਹ
ਖਾਤਾ ਨੰ. 55031111026 ਬੈਂਕ :- ਸਟੇਟ ਬੈਂਕ ਆਫ ਇੰਡੀਆ
IFSC ਕੋਡ ਨੰ. SBIN0050245
ਬ੍ਰਾਂਚ :- ਚਾਟੀਵਿੰਡ ਚੌਂਕ, ਅੰਮ੍ਰਿਤਸਰ।

**ਚੰਦਾ**

| ਦੇਸ਼ | | ਵਿਦੇਸ਼ | |
|---|---|---|---|
| ਸਲਾਨਾ ਚੰਦਾ | 150 ਰੁ. | ਸਲਾਨਾ ਚੰਦਾ | 1200 ਰੁ. |
| 2 ਸਾਲ ਲਈ | 300 ਰੁ. | 2 ਸਾਲ ਲਈ | 2400 ਰੁ. |
| 5 ਸਾਲ ਲਈ | 600 ਰੁ. | 5 ਸਾਲ ਲਈ | 4800 ਰੁ. |
| ਲਾਈਫ ਮੈਂਬਰਸ਼ਿਪ | 2400 ਰੁ. | ਲਾਈਫ ਮੈਂਬਰਸ਼ਿਪ | 19200 ਰੁ. |

**ਚਿੱਠੀ-ਪੱਤਰ ਅਤੇ ਚੰਦਾ ਭੇਜਣ ਦਾ ਪਤਾ**

ਦਫਤਰ: ਸਿਫਤਿ ਸਾਲਾਹ, ਬੀਬੀ ਕੌਲਾਂ ਜੀ ਭਲਾਈ ਕੇਂਦਰ (ਟਰੱਸਟ)
ਤਰਨ ਤਾਰਨ ਰੋਡ, ਸ੍ਰੀ ਅੰਮ੍ਰਿਤਸਰ-143006 ਫੋਨ : 98765-25850

## ਤਤਕਰਾ

ਧੰਨ ਧੰਨ ਬਾਬਾ ਕੁੰਦਨ ਸਿੰਘ ਜੀ ਦੀਆਂ
ਪਿਆਰ ਭਰੀਆਂ ਅਸੀਸਾਂ ਤੇ ਮਿੱਠੀਆਂ ਯਾਦਾਂ 4-5
ਸੰਪਾਦਕੀ 6
ਸਿੱਖ ਪੰਥ ਦੀਆਂ ਸਤਿਕਾਰਤ ਬੀਬੀਆਂ ਵਿੱਚੋਂ
ਨੌਂਵਾਂ ਭਾਗ- ਧੰਨ ਧੰਨ ਬੀਬੀ ਕੌਲਾਂ ਜੀ 7
ਮੈਨੂੰ ਜ਼ਰੂਰ ਪੜ੍ਹੋ 15
ਜ਼ਿੰਦਗੀ ਦੀਆਂ ਬਰੀਕੀਆਂ 16
ਰਸਾਲਾ ਬੁੱਕ ਕਰਵਾਉਣ ਵਾਸਤੇ ਪਾਠਕਾਂ ਨੂੰ ਬੇਨਤੀ 20
ਆਪਿ ਮੁਕਤੁ ਮੁਕਤੁ ਕਰੈ ਸੰਸਾਰੁ ॥ 21
ਅਧਿਆਤਮਿਕ ਵਿਚਾਰਾਂ 24
ਗੁਰਮਤਿ ਦੀ ਹੋਲੀ 25
ਅਨਮੋਲ ਬਚਨ 33
ਜੀਵਨ ਇਲਾਹੀ ਜੋਤ ਧੰਨ ਧੰਨ ਬਾਬਾ ਨੰਦ ਸਿੰਘ ਜੀ 34
ਪਰਖ ਤੇ ਪ੍ਰਪੱਕਤਾ 37
ज़िंदगी की बारीकियाँ 38
श्री आनंदपुर साहिब के स्थान की
क्या-क्या निशानियाँ हैं? 42
धन्य धन्य भाई मती दास जी 48
Good Qualities of Dhan Dhan Baba
Kundan Singh Ji of Nanaksar 53
Which are the Ten Sins? 60

ਨੋਟ : ਸਿਫਤਿ ਸਾਲਾਹ ਵਿੱਚ ਛਪੇ ਲੇਖ ਤੇ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਆਪਣੇ ਹਨ, ਸੰਪਾਦਕੀ ਬੋਰਡ ਸਿਫਤਿ ਸਾਲਾਹ ਦਾ ਇਨ੍ਹਾਂ ਵਿਚਾਰਾਂ ਦੇ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
-ਸੰਪਾਦਕ



ਮਹਾਂਪੁਰਸ਼ ਬਾਬਾ ਕੁੰਦਨ ਸਿੰਘ ਜੀ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਨੂੰ ਅਸੀਸ ਬਖਸ਼ਦੇ ਹੋਏ





ਬੀਬੀ ਕੌਲਾਂ ਜੀ ਭਲਾਈ ਕੇਂਦਰ ਦੇ ਦੂਸਰੇ ਸਲਾਨਾ ਸਮਾਗਮ ਦੀ ਮਹਾਂਪੁਰਸ਼ ਬਾਬਾ ਕੁੰਦਨ ਸਿੰਘ ਜੀ ਤੋਂ ਆਗਿਆ ਲੈਂਦੇ ਹੋਏ ਭਾਈ ਗੁਰਇਕਬਾਲ ਸਿੰਘ ਜੀ

ਮਹਾਂਪੁਰਸ਼ ਬਾਬਾ ਕੁੰਦਨ ਸਿੰਘ ਜੀ ਨੇ ਬੀਬੀ ਕੌਲਾਂ ਜੀ ਭਲਾਈ ਕੇਂਦਰ ਦੀ ਸ਼ੁਭ ਸ਼ੁਰੂਆਤ ਤੇ ਆਪਣੇ ਮੁਬਾਰਕ ਹੱਥਾਂ ਨਾਲ ਪਹਿਲਾ ਰਜਿਸਟਰ ਲਗਾਇਆ, ਜਿਸ ਵਿੱਚ ਪਿਆਰ ਭਰੀਆਂ ਅਸੀਸਾਂ ਬਖਸ਼ੀਆਂ ।


੧ਓ ਸਤਿ ਗੁਰ ਪ੍ਰਸਾਦਿ

ਬਾਬਾ ਜੀ ਦੇ ਆਪਣੇ ਮੁਬਾਰਕ ਹੱਥਾਂ ਦੀ ਲਿਖਤ

# ਧੰਨ ਧੰਨ ਬਾਬਾ ਕੁੰਦਨ ਸਿੰਘ ਜੀ ਦੀਆਂ ਪਿਆਰ ਭਰੀਆਂ ਅਸੀਸਾਂ ਤੇ ਮਿੱਠੀਆਂ ਯਾਦਾਂ

*ਹਉ ਮੂਰਖੁ ਕਾਰੈ ਲਾਈਆ ਨਾਨਕ ਹਰਿ ਕੰਮੇ ॥੩॥*

*(ਅੰਗ ੪੪੯)*

ਬੀਬੀ ਕੌਲਾਂ ਜੀ ਭਲਾਈ ਕੇਂਦਰ ਦੀ ਸ਼ੁਭ ਸ਼ੁਰੂਆਤ ਤੇ ਇੱਕ ਸੰਖੇਪ ਝਾਤ ਗੁਰੂ ਸਾਹਿਬ ਜੀ ਦੀ ਕਿਰਪਾ ਨਾਲ ਦਾਸ ਦੇ ਨਾਲ 5-7 ਮੈਂਬਰ ਹੋਰ ਸਹਿਯੋਗੀ ਵੀਰ ਉਨ੍ਹਾਂ ਦੇ ਸਹਿਯੋਗ ਨਾਲ ਘਰ-ਘਰ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠਾਂ ਦੀ ਸੇਵਾ (ਨਿਸ਼ਕਾਮ) ਤੇ ਕੀਰਤਨ ਦੀ ਸੇਵਾ ਗੁਰੂ ਸਾਹਿਬ ਜੀ ਨੇ ਲੈਣੀ ਸ਼ੁਰੂ ਕੀਤੀ। ਫਿਰ ਗੁਰੂ ਸਾਹਿਬ ਜੀ ਦੀ ਕਿਰਪਾ ਨਾਲ ਘਰ-ਘਰ ਅੰਮ੍ਰਿਤ ਵੇਲੇ ਕੀਰਤਨ ਦੇ ਦੀਵਾਨ ਲਗਾਉਣੇ ਇਸੇ ਤਰ੍ਹਾਂ ਕੀਰਤਨ ਦੀ ਸ਼ੁਰੂਆਤ ਹੋਈ ਹੋਲੀ-ਹੋਲੀ ਮਾਇਆ ਆਉਣੀ ਸ਼ੁਰੂ ਹੋਈ ਤੇ ਦਾਸ ਸੋਚਣ ਲੱਗ ਗਿਆ ਕਿ ਅਸੀਂ ਸਾਰੇ ਹੀ ਕਿਰਤੀ ਹਾਂ ਇਹ ਮਾਇਆ ਕਿਹੜੇ ਭਲੇ ਦੇ ਕਾਰਜਾਂ ਤੇ ਲਗਾਈ ਜਾਵੇ।

ਫਿਰ ਇੱਕ ਦਿਨ ਨਾਨਕਸਰ ਦਰਸ਼ਨ ਕਰਨ ਗਏ, ਬਾਬਾ ਕੁੰਦਨ ਸਿੰਘ ਜੀ ਨੂੰ ਬੇਨਤੀ ਕੀਤੀ ਬਾਬਾ ਜੀ ਸੁਮੱਤ ਬਖਸ਼ੋ ਸਾਡੇ ਮਨ ਦਾ ਫੁਰਨਾ ਕਿ ਅੰਮ੍ਰਿਤਸਰ ਵਿੱਚ ਇੱਕ ਭਲਾਈ ਕੇਂਦਰ ਖੋਲ੍ਹਿਆ ਜਾਵੇ ਜਿਹੜੀਆਂ ਬੀਬੀਆਂ ਵਿਧਵਾ ਹੋ ਜਾਂਦੀਆਂ ਹਨ ਘਰ ਵਿੱਚ ਕਮਾਈ ਦਾ ਕੋਈ ਸਾਧਨ ਨਹੀਂ ਉਨ੍ਹਾਂ ਨੂੰ ਮਹੀਨੇ ਬਾਅਦ ਫ੍ਰੀ ਰਾਸ਼ਨ ਦਿੱਤਾ ਜਾਵੇ ਤੇ ਬਾਬਾ ਜੀ ਨੇ ਬਹੁਤ ਪ੍ਰਸੰਨਤਾ ਬਖਸ਼ੀ ਤੇ ਨਾਲ ਬਰਕਤ ਰੂਪੀ 1300/- ਰੁਪਏ ਦਾਸ ਦੀ ਝੋਲੀ ਵਿੱਚ ਪਾਏ ਤੇ ਬਚਨ ਕੀਤਾ ਸਾਡੀ ਵੀ ਇਸ ਕਾਰਜ ਵਿੱਚ ਹਾਜ਼ਰੀ ਲਗਾ ਲਵੋ ਭਾਈ। ਉਪਰੰਤ ਬਾਬਾ ਜੀ ਨੇ ਆਪ ਆਪਣੇ ਮੁਬਾਰਕ ਹੱਥਾਂ ਨਾਲ ਪਹਿਲਾ ਰਜਿਸਟਰ ਲਿਖ ਕੇ ਸ਼ੁਭ ਅਰੰਭਤਾ ਕੀਤੀ। ਬਾਬਾ ਜੀ ਨੇ ਰਜਿਸਟਰ ਤੇ ਬਖਸ਼ਿਸ਼ਾਂ ਵਾਲੇ ਬਚਨ ਲਿਖੇ ਉਹ ਬਚਨ ਹੂ-ਬ-ਹੂ ਛਾਪਣ ਦਾ ਯਤਨ ਕਰ ਰਹੇ ਹਾਂ।

ਸਾਡੇ ਪਿਆਰੇ ਬਾਬਾ ਕੁੰਦਨ ਸਿੰਘ ਜੀ ਨੇ ਆਪਣੀ ਸਾਰੀ ਜ਼ਿੰਦਗੀ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੇਵਾ ਵਿੱਚ ਸਿਰੇ ਦੀ ਗਰੀਬੀ ਕਮਾਈ ਉਨ੍ਹਾਂ ਨੇ ਉਹ 1300/- ਰੁਪਏ ਬਰਕਤ ਰੂਪ ਵਿੱਚ ਝੋਲੀ ਪਾਏ ਅੱਜ ਗੁਰੂ ਸਾਹਿਬ ਜੀ ਦੀ ਕਿਰਪਾ ਨਾਲ ਬੀਬੀ ਕੌਲਾਂ ਜੀ ਭਲਾਈ ਕੇਂਦਰ ਟਰੱਸਟ (ਚੈਰੀਟੇਬਲ) ਨਾਲ ਹੇਠ 21 ਸ਼ਹਿਰਾਂ ਵਿੱਚ ਵਿਧਵਾ ਬੀਬੀਆਂ ਦੇ ਭਲਾਈ ਕੇਂਦਰ ਚੱਲ ਰਹੇ ਹਨ। ਜਿੱਥੇ 7800 ਵਿਧਵਾ ਬੀਬੀਆਂ ਤੇ 14330 ਉਨ੍ਹਾਂ ਦੇ ਬੱਚੇ ਫ੍ਰੀ ਰਾਸ਼ਨ ਪ੍ਰਾਪਤ ਕਰ ਰਹੇ ਹਨ। ਇਸ ਤੋਂ ਇਲਾਵਾ ਦੋ ਹਸਪਤਾਲ, ਦੋ ਸਰ੍ਹਾਵਾਂ, ਤਿੰਨ ਸਕੂਲ, ਚਾਰ ਗੁਰਦੁਆਰਿਆਂ ਸਾਹਿਬ ਦੀ ਸੇਵਾ ਚੱਲ ਰਹੀ ਹੈ। ਇਹ ਸਭ ਕਿਰਪਾ ਧੰਨ ਧੰਨ ਸ੍ਰੀ ਗੁਰੂ ਰਾਮਦਾਸ ਪਾਤਸ਼ਾਹ ਜੀ ਦੀ ਤੇ ਬਾਬਾ ਕੁੰਦਨ ਸਿੰਘ ਜੀ ਦੀਆਂ ਪਿਆਰ ਭਰੀਆਂ ਅਸੀਸਾਂ ਅਤੇ ਆਪ ਸੰਗਤਾਂ ਦੇ ਸਹਿਯੋਗ ਨਾਲ ਚੱਲ ਰਿਹਾ ਹੈ ਜੀ। ਹਰ ਪਲ, ਹਰ ਘੜੀ ਆਪ ਸਭ ਸੰਗਤਾਂ ਦੀ ਅਸੀਸ ਦੀ ਲੋੜ ਹੈ ਜੀ।

*-ਦਾਸ: ਭਾਈ ਗੁਰਇਕਬਾਲ ਸਿੰਘ*

*ਅਤੇ ਸਮੂੰਹ ਸਹਿਯੋਗੀ*

# ਸੰਪਾਦਕੀ...

ਗੁਰੂ ਕੀ ਪਿਆਰੀ ਸਾਧ ਸੰਗਤ ਜੀ,

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

ਸਤਿਗੁਰੂ ਜੀ ਦੀ ਰਹਿਮਤ, ਇਹ ਜੋ ਸਮਾਂ ਚੱਲ ਰਿਹਾ ਹੈ, ਕਿੰਨੀਆਂ ਹੀ ਸ਼ਤਾਬਦੀਆਂ ਅਸੀਂ ਮਨਾ ਚੁੱਕੇ ਹਾਂ। ਇਨ੍ਹਾਂ ਪਾਵਨ ਤੇ ਮਹਾਨ ਸ਼ਤਾਬਦੀਆਂ ਨੂੰ ਮਨਾਉਂਦਿਆਂ ਸਭ ਤੋਂ ਵੱਡੀ ਗੱਲ ਇਹ ਕਿ ਅਸੀਂ ਬਾਣੀ ਦੇ ਬਾਣੇ ਦੇ ਧਾਰਨੀ ਹੋ ਜਾਈਏ। ਕੋਈ ਨਾ ਕੋਈ ਔਗੁਣ ਸਾਡੇ ਜੀਵਨ ਵਿੱਚੋਂ ਸਦਾ-ਸਦਾ ਲਈ ਨਿਕਲ ਜਾਵੇ। ਸਾਡਾ ਨੇਮ ਵੱਧ ਜਾਵੇ।

ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ 550 ਸਾਲਾ ਪ੍ਰਕਾਸ਼ ਦਿਵਸ ਵੱਡੀ ਪੱਧਰ ਤੇ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਵੱਲੋਂ ਬੜੇ ਹੀ ਉਤਸ਼ਾਹ ਨਾਲ ਮਨਾਇਆ ਗਿਆ ਹੈ। ਹੁਣ ਇੱਕ ਹੋਰ ਬਹੁਤ ਵੱਡੀ ਸ਼ਤਾਬਦੀ ਅਪ੍ਰੈਲ 2021 ਵਿੱਚ ਆ ਰਹੀ ਹੈ। ਉਹ ਹੈ ਹਿੰਦ ਦੀ ਚਾਦਰ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਦਾ 400 ਸਾਲਾ ਪਾਵਨ ਪ੍ਰਕਾਸ਼ ਦਿਵਸ। ਇੱਕ ਉਹ ਪਿਤਾ ਜਿਨ੍ਹਾਂ ਨੇ ਹਿੰਦ ਦੀ ਪੱਤ ਰੱਖਣ ਲਈ ਆਪਣਾ ਆਪ ਬਲੀਦਾਨ ਦਿੱਤਾ। ਦੁਨੀਆਂ ਦੇ ਇਤਿਹਾਸ ਵਿੱਚ ਇਹ ਪਹਿਲੀ ਮਿਸਾਲ ਹੈ ਕਿ ਕਾਤਲ ਦੇ ਘਰ ਜਾ ਕੇ ਕਤਲਗਾਹ ਵਿੱਚ ਉਸਨੂੰ ਅਵਾਜ਼ ਦਿੱਤੀ। ਸ਼ਹਾਦਤ ਦਾ ਸਫ਼ਰ ਖੁਦ ਤੈਅ ਕੀਤਾ। ਸਿਫਤਿ ਸਾਲਾਹ ਦੇ ਕਾਲਮਾਂ ਵਿੱਚ ਕੋਸ਼ਿਸ਼ ਹੋਵੇਗੀ ਕਿ ਸਤਿਗੁਰੂ ਜੀ ਦੀ ਕਿਰਪਾ ਨਾਲ, ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਦੀ ਪ੍ਰੇਰਨਾ ਨਾਲ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਦੇ ਜੀਵਨ ਦੇ ਕੁਝ ਪਹਿਲੂਆਂ ਨੂੰ ਸੰਗਤਾਂ ਨਾਲ ਸਾਂਝਾ ਕਰਕੇ ਪਿਤਾ ਜੀ ਦੀਆਂ ਵਡਿਆਈਆਂ ਕੀਤੀਆਂ ਜਾਣ।

ਇਤਿਹਾਸ ਦੇ ਪੰਨੇ ਫਰੋਲਦਿਆਂ ਇਹ ਸਾਹਮਣੇ ਆਉਂਦਾ ਹੈ ਕਿ ਜਦੋਂ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਦਾ ਆਗਮਨ ਹੋਇਆ ਤੇ ਛੇਵੇਂ ਪਾਤਸ਼ਾਹ ਜੀ ਨੇ ਨੌਵੇਂ ਪਾਤਸ਼ਾਹ ਜੀ ਦੇ ਪ੍ਰਕਾਸ਼ ਸਮੇਂ ਉਨ੍ਹਾਂ ਨੂੰ ਬਹੁਤ ਪਿਆਰ ਕੀਤਾ। ਗੁਰੂ ਘਰ ਦੇ ਪਿਆਰੇ, ਦੁਲਾਰੇ, ਅਨਿੰਨ ਸੇਵਕ ਭਾਈ ਬਿਧੀ ਚੰਦ ਜੀ ਕੋਲ ਖੜ੍ਹੇ ਸਨ ਤੇ ਭਾਈ ਬਿਧੀ ਚੰਦ ਜੀ ਨੇ ਪੁੱਛ ਲਿਆ, ਇਸ ਸਪੁੱਤਰ ਲਈ ਇੰਨਾ ਪਿਆਰ ਕਿਉਂ? ਇੰਨਾ ਸਤਿਕਾਰ ਕਿਉਂ? ਤੇ ਧੰਨ ਗੁਰੂ ਹਰਿਗੋਬਿੰਦ ਸਾਹਿਬ ਜੀ ਮਹਾਰਾਜ ਦੇ ਪਾਵਨ ਮੁੱਖ ਵਿੱਚੋਂ ਬਚਨ ਨਿਕਲਿਆ, ''ਮੇਰਾ ਇਹ ਪੁੱਤਰ ਗਰੀਬਾਂ ਦੀ ਰੱਖਿਆ ਕਰਨ ਵਾਲਾ ਹੋਵੇਗਾ, ਮੇਰਾ ਇਹ ਪੁੱਤਰ ਸੰਸਾਰ ਦੇ ਲੋਕਾਂ ਦੀ ਪੱਤ ਢੱਕੇਗਾ ਤੇ ਨਾਲ ਇਹ ਵੀ ਬਚਨ ਕੀਤਾ ਜਦੋਂ ਵੀ ਕਿਸੇ ਤੇ ਅਤਿ ਦੀ ਮੁਸੀਬਤ ਪਵੇਗੀ, ਮੇਰਾ ਇਹ ਪੁੱਤਰ ਮੁਸੀਬਤਾਂ ਵਿੱਚ ਫਸਿਆ ਹੋਇਆਂ ਦੇ ਬੰਧਨ ਕੱਟ ਕੇ ਬੰਧਨ ਮੁਕਤ ਕਰ ਦੇਵੇਗਾ।''

ਕਿੰਨੀ ਡੂੰਘਾਈ ਹੈ, ਛੇਵੇਂ ਪਾਤਸ਼ਾਹ ਜੀ ਦੇ ਇਨ੍ਹਾਂ ਪਾਵਨ ਬਚਨਾਂ ਵਿੱਚ। ਬਾਬਾ ਗੁਰਦਿੱਤਾ ਜੀ ਦੀ ਜਦੋਂ ਸ਼ਾਦੀ ਹੋਈ ਤੇ ਨੌਵੇਂ ਪਾਤਸ਼ਾਹ ਜੀ ਦੀ ਉਮਰ ਉਸ ਸਮੇਂ ਕੇਵਲ ਚਾਰ ਸਾਲ ਦੀ ਸੀ। ਬਰਾਤ ਵਿੱਚ ਜਾ ਰਹੇ ਹਨ, ਨੌਵੇਂ ਪਾਤਸ਼ਾਹ ਜੀ। ਮਾਤਾ ਨਾਨਕੀ ਜੀ ਨੇ ਬਹੁਤ ਹੀ ਕੀਮਤੀ ਪੁਸ਼ਾਕ ਨੌਵੇਂ ਪਾਤਸ਼ਾਹ ਜੀ ਨੂੰ ਪਹਿਨਾਈ ਹੋਈ ਹੈ। ਨੌਵੇਂ ਪਾਤਸ਼ਾਹ ਜੀ ਨੇ ਬਰਾਤ ਵਿੱਚ ਜਾਂਦਿਆਂ ਇੱਕ ਬੱਚੇ ਨੂੰ ਦੇਖਿਆ ਜਿਸ ਦੇ ਤਨ ਤੇ ਕੋਈ ਕੱਪੜਾ ਨਹੀਂ ਸੀ ਪਹਿਨਿਆ ਹੋਇਆ, ਠੰਡ ਦੇ ਦਿਨ ਸਨ। ਪਿਤਾ ਜੀ ਕੋਲੋਂ ਰਿਹਾ ਨਹੀਂ ਗਿਆ। ਆਪਣੇ ਤਨ ਤੋਂ ਉਹ ਕੀਮਤੀ ਪੁਸ਼ਾਕ ਉਤਾਰੀ ਤੇ ਉਸ ਬੱਚੇ ਨੂੰ ਪੁਆ ਕੇ ਉਸ ਦਾ ਤਨ ਢੱਕ ਦਿੱਤਾ। ਉਸ ਦਾ ਨੰਗੇਜ਼ ਢੱਕ ਦਿੱਤਾ। ਕਹਿਣ ਤੋਂ ਭਾਵ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਨੇ ਕਿਸੇ ਦਾ ਤਨ ਨੰਗਾ ਦੇਖਿਆ, ਉਸ ਦਾ ਤਨ ਢੱਕ ਦਿੱਤਾ। ਸਮਾਂ ਆਇਆ ਔਰੰਗਜ਼ੇਬ ਜਦ ਪੂਰੇ ਭਾਰਤ ਵਿੱਚ ਜ਼ੁਲਮੀ ਰਾਜ ਚਲਾ ਕੇ ਹਿੰਦੂ ਧਰਮ ਨੂੰ ਖਤਮ ਕਰ ਜਬਰੀ ਇਸਲਾਮ ਧਰਮ ਅਪਨਾਉਣ ਲਈ ਜ਼ੋਰ ਲਾ ਰਿਹਾ ਸੀ ਤਾਂ ਕਸ਼ਮੀਰੀ ਪੰਡਿਤਾਂ ਦੀ ਪੁਕਾਰ ਸੁਣ ਕੇ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਨੇ ਆਪਣੀ ਤਨ ਦੀ ਚਾਦਰ ਨਾਲ ਸਾਰੇ ਪੂਰੇ ਭਾਰਤ ਨੂੰ ਢੱਕ ਦਿੱਤਾ। ਤੇ ਉਨ੍ਹਾਂ ਤੇ ਪੈ ਰਹੀਆਂ ਅਤਿ ਦੀਆਂ ਮੁਸੀਬਤਾਂ ਤੋਂ ਉਨ੍ਹਾਂ ਨੂੰ ਸਦਾ ਸਦਾ ਲਈ ਨਿਜਾਤ ਦਿਵਾ ਦਿੱਤੀ।

ਐਸੇ ਮਹਾਨ ਪਿਤਾ, ਐਸੇ ਮਹਾਨ ਗੁਰੂ, ਐਸੇ ਮਹਾਨ ਰਹਿਬਰ ਦਾ 400 ਸਾਲਾ ਪ੍ਰਕਾਸ਼ ਦਿਹਾੜਾ ਅਪ੍ਰੈਲ, 2021 ਵਿੱਚ ਆ ਰਿਹਾ ਹੈ। ਉਹ ਮਹਾਨ ਪਿਤਾ ਜਿਨ੍ਹਾਂ ਨੇ ਕੇਵਲ ਆਪਣੀ ਸ਼ਹੀਦੀ ਨਹੀਂ ਦਿੱਤੀ ਬਲਕਿ ਆਪਣੀ ਧਰਮ ਸੁਪਤਨੀ ਧੰਨ ਧੰਨ ਮਾਤਾ ਗੁਜਰ ਕੌਰ ਜੀ, ਆਪਣੇ ਚਾਰ ਪੋਤਰੇ ਵੀ ਧਰਮ ਦੀ ਆਨ-ਸ਼ਾਨ ਲਈ ਵਾਰ ਦਿੱਤੇ। ਐਸੇ ਪਿਤਾ ਜੀ ਦਾ ਪ੍ਰਕਾਸ਼ ਦਿਹਾੜਾ ਮਨਾਉਂਦਿਆਂ ਅੱਜ ਤੋਂ ਅਸੀਂ ਬਾਣੀ ਪਰਵਾਹ ਚਲਾ ਦੇਈਏ ਤੇ ਇੱਕ-ਇੱਕ ਪਰਿਵਾਰ ਇਸ ਮਹਾਨ ਦਿਹਾੜੇ ਤੱਕ ਘੱਟੋ ਘੱਟ 400 ਸ੍ਰੀ ਜਪੁਜੀ ਸਾਹਿਬ ਜੀ ਪਾਠ ਅਤੇ 400 ਸਲੋਕ ਮਹਲਾ ਨੌਵਾ ਦੇ ਪਾਠਾਂ ਦੀ ਹਾਜ਼ਰੀ ਲਗਾ ਕੇ ਪਿਤਾ ਜੀ ਦੇ ਚਰਨਾਂ ਵਿੱਚ ਆਪਣਾ ਅਕੀਦਾ ਭੇਟ ਕਰੇ ਤਾਂ ਜੋ ਇਹ 400 ਸਾਲਾ ਪ੍ਰਕਾਸ਼ ਦਿਹਾੜਾ ਮਨਾਇਆ ਸਾਡਾ ਥਾਂਏਂ ਪੈ ਜਾਵੇ।

*ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥*

*—ਸੰਪਾਦਕ*

# ਸਿੱਖ ਪੰਥ ਦੀਆਂ ਸਤਿਕਾਰਤ ਬੀਬੀਆਂ ਵਿੱਚੋਂ ਨੌਵਾਂ ਭਾਗ- ਧੰਨ ਧੰਨ ਬੀਬੀ ਕੌਲਾਂ ਜੀ

## ਉਹ ਕਿਹੜੀ ਬੀਬੀ ਹੈ ਜਿਨ੍ਹਾਂ ਦੇ ਨਾਮ ਤੇ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਪੰਜ ਸਰੋਵਰਾਂ ਵਿੱਚੋਂ ਇੱਕ ਸਰੋਵਰ ਦਾ ਨਾਮ ਪਿਆ।

**ਆਪ ਸਭ ਸੰਗਤਾਂ ਦੀ ਅਸੀਸ ਅਤੇ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਦੀ ਪ੍ਰੇਰਨਾ ਨਾਲ ਸਿਫਤਿ ਸਾਲਾਹ ਰਸਾਲੇ ਵਿੱਚ ਲੜੀਵਾਰ ਪ੍ਰਕਰਨਾਂ ਦੀ ਸੇਵਾ ਸਤਿਗੁਰੂ ਜੀ ਤਰਸ ਕਰਕੇ ਲੈ ਰਹੇ ਹਨ। 125 ਅੰਕ ਤੋਂ—''ਸਿੱਖ ਪੰਥ ਦੀਆਂ ਸਤਿਕਾਰਤ ਬੀਬੀਆਂ'' ਪ੍ਰਕਰਨ ਸਤਿਗੁਰੂ ਜੀ ਦੀ ਕ੍ਰਿਪਾ ਨਾਲ ਸ਼ੁਰੂ ਕੀਤਾ ਗਿਆ ਹੈ। ਇਸ ਅੰਕ ਵਿੱਚ ਸਿੱਖ ਪੰਥ ਦੀਆਂ ਸਤਿਕਾਰਤ ਬੀਬੀਆਂ ਵਿੱਚੋਂ ਨੌਵਾਂ ਭਾਗ- ਧੰਨ ਧੰਨ ਬੀਬੀ ਕੌਲਾਂ ਜੀ, ਜਿਨ੍ਹਾਂ ਦੇ ਨਾਮ ਤੇ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਪੰਜ ਸਰੋਵਰਾਂ ਵਿੱਚ ਇੱਕ ਸਰੋਵਰ ਦਾ ਨਾਮ ਪਿਆ। ਧੰਨ ਧੰਨ ਬੀਬੀ ਕੌਲਾਂ ਜੀ ਦੇ ਜੀਵਨ ਦੇ ਕੁਝ ਅੰਸ਼ਾਂ ਦੀ ਵਿਚਾਰ ਸਤਿਗੁਰੂ ਜੀ ਆਪਣੀ ਰਹਿਮਤ ਕਰਕੇ ਆਪ ਹੀ ਸਿਰ 'ਤੇ ਹੱਥ ਰੱਖ ਕੇ ਕਰਵਾਉਣ।**

*—ਸੰਪਾਦਕ*

*ਜੇ ਤੂ ਮਿਤ੍ਰੁ ਅਸਾਡੜਾ ਹਿਕ ਭੋਰੀ ਨਾ ਵੇਛੋੜਿ ॥*

*(ਅੰਗ ੧੦੯੪)*

ਦਿੱਲੀ ਵਿੱਚ ਦਾਸ ਨੂੰ ਇੱਕ ਸੱਜਣ ਕਹਿਣ ਲੱਗਾ :

*ਬਾਬੀਹਾ ਅੰਮ੍ਰਿਤ ਵੇਲੈ ਬੋਲਿਆ ਤਾਂ ਦਰਿ ਸੁਣੀ ਪੁਕਾਰ ॥*

*(ਅੰਗ ੧੨੮੫)*

ਕਹਿਣ ਲੱਗਾ, ਜੇ ਅੰਮ੍ਰਿਤ ਵੇਲਾ ਨਹੀਂ ਤੇ ਪੁਕਾਰ ਨਹੀਂ ਸੁਣੀ ਜਾਵੇਗੀ। ਗੱਲ ਉਸ ਦੀ ਬੜੀ ਵਧੀਆ ਲੱਗੀ। ਫਿਰ ਦਾਸ ਨੇ ਬੇਨਤੀ ਕੀਤੀ, ਦਾਸ ਨੇ ਕਿਹਾ ਕਿ ਸਿੱਖ ਨੂੰ ਗੁਰੂ ਇੱਕ ਦਿਨ ਇਹੋ ਜਿਹੀ ਜਗ੍ਹਾ ਤੇ ਲੈ ਜਾਂਦਾ ਹੈ ਜਿੱਥੇ ਹਰ ਵੇਲਾ ਹੀ ਉਸ ਦਾ ਅੰਮ੍ਰਿਤ ਵੇਲਾ ਬਣ ਜਾਂਦਾ ਹੈ। ਅੱਜ ਉਹ ਮੰਗੋ। ਹਰ ਕੰਮ ਕਰਨ ਤੋਂ ਪਹਿਲਾਂ ਸਿਰਫ ਦਸ ਸਕਿੰਟ, ਪੰਦਰਾਂ ਸਕਿੰਟ ਆਪਣੇ ਆਪ ਨੂੰ ਸੁਚੇਤ ਕਰ ਲਓ, ਰੋਟੀ ਪਕਾਉਣ ਲੱਗੇ ਹੋ, ਵੀਹ ਮਿੰਟ ਲੱਗਣੇ ਹਨ, ਰੋਟੀ ਪਕਾਉਣ ਤੋਂ ਪਹਿਲਾਂ ਸਿਰਫ ਦਸ ਸਕਿੰਟ ਆਪਣੇ ਆਪ ਨੂੰ ਸੁਚੇਤ ਕਰ ਲਓ। ਸੁਚੇਤ ਕੀ? ਵੀਹ ਮਿੰਟ ਰੋਟੀ ਪਕਾਉਂਦਿਆਂ ਮੈਨੂੰ ਵਾਹਿਗੁਰੂ ਨਾ ਵਿਸਰੇ। ਫਿਰ ਸਮਝ ਲਓ, ਗੁਰੂ ਸਾਹਿਬ ਨੇ ਉਹ ਵੇਲਾ ਵੀ ਤੁਹਾਡੇ ਲਈ ਅੰਮ੍ਰਿਤ ਵੇਲਾ ਬਣਾ ਦਿੱਤਾ ਹੈ। ਕੋਈ ਲਿਖਤ ਕਰਨ ਲੱਗੇ ਹੋ, ਕੱਪੜੇ ਧੋਣ ਲੱਗੇ ਹੋ ਜਾਂ ਘਰ ਦਾ ਕੋਈ ਕੰਮ ਕਰਨ ਲੱਗੇ ਹੋ ਇਸ ਤਰ੍ਹਾਂ ਕਰਕੇ ਵੇਖਿਓ, ਇਸ ਦਾ ਅਨੰਦ। ਜੇਕਰ ਸ੍ਰੀ ਅੰਮ੍ਰਿਤਸਰ ਸਾਹਿਬ ਤੋਂ ਤਿਆਰੀ ਕੀਤੀ ਹੈ, ਸ੍ਰੀ ਤਰਨ ਤਾਰਨ ਸਾਹਿਬ ਜਾਣਾ ਹੈ, ਜਲੰਧਰ ਜਾਣਾ ਹੈ। ਬੱਸ ਵਿੱਚ ਬੈਠਣ ਲੱਗੇ ਹੋ। ਬੱਸ ਵਿੱਚ ਬੈਠਣ ਲੱਗਿਆ ਆਪਣੇ ਆਪ ਨੂੰ ਦਸ ਕੁ ਸਕਿੰਟ ਸੁਚੇਤ ਕਰ ਲਓ। ਸ੍ਰੀ ਤਰਨ ਤਾਰਨ ਸਾਹਿਬ ਜਾਂਦਿਆਂ ਅੱਧਾ ਘੰਟਾ ਲੱਗਣਾ ਹੈ, ਭਾਵੇਂ ਉਂਗਲ ਤੇ ਅੰਗੂਠਾ ਚਲਦਾ ਰਵ੍ਹੇ ਤੇ ਭਾਵੇਂ ਮਾਲਾ ਚਲਦੀ ਰਵ੍ਹੇ ਪਰ ਇਹ ਅੱਧਾ ਘੰਟਾ ਉਹ ਵਾਹਿਗੁਰੂ ਵਿਸਰੇ ਹੀ ਨਾ। ਤੁਹਾਡਾ ਸਫਰ ਵੀ ਅੰਮ੍ਰਿਤ ਵੇਲਾ ਬਣ ਜਾਵੇਗਾ। ਤੁਹਾਡਾ ਸਫਰ ਵੀ ਭਗਤੀ ਬਣ ਜਾਵੇ। ਤੁਹਾਡਾ ਰੋਟੀ ਪਕਾਉਣਾ ਵੀ ਭਗਤੀ ਬਣ

ਜਾਵੇ। ਤੁਹਾਡੇ ਹਰ ਕਾਰਜ ਵਿੱਚ ਗੁਰੂ ਸਾਹਿਬ ਵੱਸ ਜਾਣ, ਅੱਜ ਇਹ ਮੰਗਿਓ :

*ਊਠਤ ਬੈਠਤ ਸੋਵਤ ਜਾਗਤ ਇਹੁ ਮਨੁ ਤੁਝਹਿ ਚਿਤਾਰੈ ॥*
*(ਅੰਗ ੮੨੦)*

ਅਸੀਂ ਗ੍ਰਹਿਸਥੀ ਜੀਵ ਹਾਂ। ਦੁਨੀਆਂਦਾਰੀ ਵੀ ਨਿਭਾਉਣੀ ਪੈਂਦੀ ਹੈ। ਹਰ ਕੰਮ ਕਰਨ ਤੋਂ ਪਹਿਲਾਂ ਦਸ ਸਕਿੰਟ, ਮਿੰਟ ਨਹੀਂ, ਦਸ ਸਕਿੰਟ ਆਪਣੇ ਆਪ ਨੂੰ ਸੁਚੇਤ ਕਰ ਲਿਆ ਕਰੋ। ਫਿਰ ਗੁਰੂ ਨਾਨਕ ਮਹਾਰਾਜ ਦੇ ਬਚਨ, ਭੈਣ ਨਾਨਕੀ ਜੀ ਨੂੰ ਜਿਹੜੇ ਕਹੇ ਹਨ, ਭੈਣ ਨਾਨਕੀ, ਤੇਰੀਆਂ ਕੰਧਾਂ ਵਿੱਚੋਂ ਵੀ ਨਾਮ ਦੀ ਖੁਸ਼ਬੂ ਆਉਂਦੀ ਹੈ। ਭੈਣ ਨਾਨਕੀ, ਤੇਰੇ ਕਮਰੇ ਦੇ ਸਾਰੇ ਪਾਸਿਓਂ ਨਾਮ ਹੀ ਨਾਮ ਦੀ ਖੁਸ਼ਬੂ ਆਉਂਦੀ ਹੈ। ਅਸੀਂ ਭੈਣ ਨਾਨਕੀ ਜੀ ਦੀ ਰੀਸ ਨਹੀਂ ਕਰ ਸਕਦੇ ਪਰ ਕੋਸ਼ਿਸ਼ ਕਰੋ, ਉਨ੍ਹਾਂ ਦੇ ਚਰਨਾਂ ਸਦਕਾ ਇੱਕ ਕਿਨਕਾ ਤੁਹਾਡੀ ਰਸੋਈਆਂ ਵਿੱਚ ਵੀ ਆ ਜਾਵੇ। ਤੁਹਾਡੇ ਘਰਾਂ ਵਿੱਚ ਵੀ ਆ ਜਾਵੇ। ਸਫਰ ਵਿੱਚ ਵੀ ਆ ਜਾਵੇ। ਤੁਹਾਡੇ ਦਫਤਰਾਂ ਵਿੱਚ ਵੀ ਆ ਜਾਵੇ। ਜੇ ਹਰ ਕੰਮ ਕਰਨ ਤੋਂ ਪਹਿਲਾਂ ਸੁਚੇਤ ਕਰ ਲਓ, ਉਸ ਵਿੱਚ ਨਾਮ ਵਸ ਜਾਵੇ। ਇਸ ਨੂੰ ਛੋਟਾ ਨਾ ਜਾਣੋ। ਜ਼ਿੰਦਗੀ ਬੜੀ ਸਪੀਡ ਤੇ ਬੀਤ ਰਹੀ ਹੈ। ਬਹੁਤ ਸਪੀਡ ਤੇ ਸਮਾਂ ਲੰਘ ਰਿਹਾ ਹੈ। ਪਤਾ ਨਹੀਂ ਕਿੰਨੀ ਕੁ ਉਮਰ ਹੈ। ਅੱਜਕਲ੍ਹ ਕਰਦਿਆਂ ਕਿਤੇ ਉਮਰ ਬੀਤ ਹੀ ਨਾ ਜਾਵੇ, ਇਸ ਨੂੰ ਸੰਭਾਲ ਲਈਏ।

*ਮ: ੧॥*

*ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ ॥*
*ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ ॥*
*ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ ॥*
*ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥*
*ਭੰਡਹੁ ਹੀ ਭੰਡੁ ਊਪਜੈ ਭੰਡੈ ਬਾਝੁ ਨ ਕੋਇ ॥*
*ਨਾਨਕ ਭੰਡੈ ਬਾਹਰਾ ਏਕੋ ਸਚਾ ਸੋਇ ॥*
*ਜਿਤੁ ਮੁਖਿ ਸਦਾ ਸਾਲਾਹੀਐ ਭਾਗਾ ਰਤੀ ਚਾਰਿ ॥*
*ਨਾਨਕ ਤੇ ਮੁਖ ਊਜਲੇ ਤਿਤੁ ਸਚੈ ਦਰਬਾਰਿ ॥*
*(ਅੰਗ ੪੭੩)*

ਗੁਰੂ ਨਾਨਕ ਮਹਾਰਾਜ ਜੀ ਦੇ ਪਿਆਰ ਵਿੱਚ, ਕਲਗੀਧਰ ਪਿਤਾ ਜੀ ਦੇ ਪਿਆਰ ਵਿੱਚ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਿਆਰ ਵਿੱਚ ਗਜ ਕੇ ਆਖੋ ਸਤਿਨਾਮ ਸ੍ਰੀ ਵਾਹਿਗੁਰੂ।

ਅੱਜ ਬੀਬੀ ਕੌਲਾਂ ਜੀ ਦੇ ਜੀਵਨ ਬਾਰੇ ਮਹਾਰਾਜ ਜੀ ਸੇਵਾ ਲੈਣ। ਜਿਸ ਬੀਬੀ ਦੇ ਨਾਂ ਨਾਲ ਤੁਹਾਡੀ ਸਭਾ ਦਾ ਨਾਂ ਵੀ ਜੁੜਿਆ ਹੈ। ਸਿਰ ਤੇ ਹੱਥ ਰੱਖਣਾ ਜੀ। ਇੱਕ ਵਾਰੀ ਪੜ੍ਹੋ ਪੰਕਤੀ :

*ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥*
*(ਅੰਗ ੪੭੩)*

ਸਭ ਤੋਂ ਪਹਿਲਾਂ ਬੀਬੀ ਕੌਲਾਂ ਜੀ ਬਾਰੇ ਇਹ ਜਾਣਨਾ ਜ਼ਰੂਰੀ ਹੈ, ਇਨ੍ਹਾਂ ਨੂੰ ਲਗਨ ਕਿੱਥੋਂ ਲੱਗੀ? ਇਹ ਰੱਬ ਦੀ ਲੀਲਾ ਹੈ। ਭਾਈ ਬਿਧੀ ਚੰਦ ਜੀ ਦੇ ਵਿਚੋਲੇ ਬਣੇ, ਭਾਈ ਅਦਲੀ ਜੀ। ਭਾਈ ਲੱਖੂ ਜੀ ਦੇ ਵਿਚੋਲੇ ਬਣੇ, ਭਾਈ ਪਿਰਾਣਾ ਜੀ। ਕਿਧਰੇ-ਕਿਧਰੇ ਗੁਰੂ ਸਾਹਿਬ ਨੇ ਜੋ ਬਿੱਧ ਬਣਾਈ। ਬੀਬੀ ਕੌਲਾਂ ਜੀ ਨੂੰ ਲਗਨ ਕਿੱਥੋਂ ਲੱਗੀ, ਵਿਚੋਲੇ ਕੌਣ ਬਣੇ ਹਨ, ਸਾਂਈਂ ਮੀਆਂ ਮੀਰ ਜੀ। ਸਾਂਈਂ ਮੀਆਂ ਮੀਰ ਜੀ ਦੀ ਸੰਗਤ ਵਿੱਚ ਜਾ ਕੇ ਰੰਗ ਲੱਗਾ, ਬੀਬੀ ਕੌਲਾਂ ਜੀ ਨੂੰ। ਲਗਨ ਲੱਗੀ। ਥੋੜ੍ਹਾ ਜਿਹਾ ਤੁਹਾਨੂੰ ਦੱਸਣਾ ਜ਼ਰੂਰੀ ਹੈ ਜਿਹੜਾ ਬੀਬੀ ਕੌਲਾਂ ਜੀ ਨੂੰ ਸਾਂਈਂ ਮੀਆਂ ਮੀਰ ਜੀ ਦੀ ਸੰਗਤ ਵਿਚੋਂ ਰੰਗ ਲੱਗਾ ਹੈ, ਸਾਂਈਂ ਮੀਆਂ ਮੀਰ ਜੀ ਦੀ ਬੈਟਰੀ ਕਿੰਨੀ ਕੁ ਚਾਰਜ ਸੀ, ਗੁਰੂ ਘਰ ਦੀ ਸ਼ਰਧਾ ਬਾਰੇ। ਇਸ ਨੂੰ ਫੀਲ ਨਾ ਕਰਨਾ। ਕਈ ਸਿੱਖਾਂ ਦੀ ਬੈਟਰੀ ਇੰਨੀ ਚਾਰਜ ਨਹੀਂ ਸੀ ਜਿੰਨੀ ਸਾਂਈਂ ਮੀਆਂ ਮੀਰ ਜੀ ਦੀ ਬੈਟਰੀ ਗੁਰੂ ਘਰ ਲਈ ਚਾਰਜ ਸੀ। ਜਹਾਂਗੀਰ ਤੇ ਸਾਂਈਂ ਮੀਆਂ ਮੀਰ ਜੀ ਦੇ ਬਚਨ ਹੋਏ ਹਨ। ਛੇ ਨਿਸ਼ਾਨੀਆਂ ਦੱਸੀਆਂ ਹਨ, ਪੂਰਨ ਪੁਰਸ਼ ਦੀਆਂ। ਜਹਾਂਗੀਰ ਨੇ ਕਿਹਾ ਸੀ ਕਿ ਕੋਈ ਹੈ ਜਿਸ

ਵਿੱਚ ਇਹ ਛੇ ਨਿਸ਼ਾਨੀਆਂ ਹੋਣ। ਛੇਵੀਂ ਨਿਸ਼ਾਨੀ ਸੀ ਕਿ ਜੇ ਕੋਈ ਬਰੂਦ ਦੇ ਢੇਰ ਤੇ ਵੀ ਬੈਠਾ ਹੋਵੇ, ਤੇ ਤਾਂ ਵੀ ਤਾਕਤ ਨੂੰ ਜਰਿਆ ਹੋਵੇ। ਸ਼ੋਅ ਨਹੀਂ ਕਰਦਾ।

*ਜਿਨਿ ਹਰਿ ਪਾਇਓ ਤਿਨਹਿ ਛਪਾਇਓ ॥*

*(ਅੰਗ ੭੧੮)*



ਉਸ 'ਤੇ ਕਿਰਪਾ ਹੋਈ ਹੁੰਦੀ ਹੈ। ਗੁਰੂ ਸਾਹਿਬ ਦੀ ਬਖਸ਼ਿਸ਼ ਹੋਈ ਹੁੰਦੀ ਹੈ। ਹੁਣ ਜੋ ਕੁਝ ਟੀ.ਵੀ. ਤੇ ਅੱਜ ਕਲ੍ਹ ਚੱਲ ਰਿਹਾ ਹੈ, ਕਈ ਵਾਰ ਵੇਖੀਦਾ ਹੈ, ਫਿਰ ਸੋਚੀਦਾ ਹੈ ਕਿ ਇਹ ਸਾਰਾ ਕੁਝ ਸਿੱਖੀ ਤੋਂ ਉਲਟ ਹੈ। ਟੀ.ਵੀ. ਤੇ ਕਈ ਇਹੋ ਜਿਹੇ ਨਕਲੀ ਗੁਰੂਆਂ ਦੇ ਪ੍ਰੋਗਰਾਮ ਆ ਰਹੇ ਹਨ ਜੇ ਕਿਸੇ ਸਰੀਰ ਨੇ ਹੱਥ ਉੱਚਾ ਕਰ ਦਿੱਤਾ ਤੇ ਉਸ ਨੂੰ ਆਸ਼ੀਰਵਾਦ ਦੇ ਦਿੱਤਾ। ਨਾਲ ਕਹਿੰਦੇ ਹਨ ਤੇਰੇ ਕਸ਼ਟ ਕੱਟੇ ਜਾਣਗੇ। ਇਨ੍ਹਾਂ ਤੋਂ ਨਕਲੀ ਗੁਰੂਆਂ ਤੋਂ ਗੁਰੂ ਸਾਹਿਬ ਬਚਾਉਣ ਸਾਨੂੰ। ਇੱਕ ਹੈ ਜਿੱਥੇ ਟਿਕਟਾਂ ਬੁੱਕ ਹੁੰਦੀਆਂ ਹਨ। ਅਗਲੀ ਕੁਰਸੀ ਦਾ ਪੰਜ ਹਜ਼ਾਰ ਰੇਟ ਹੈ, ਪਿਛਲੀ ਕੁਰਸੀ ਦਾ ਦੋ ਹਜ਼ਾਰ ਰੇਟ ਹੈ, ਕੈਬਿਨ ਵਿੱਚ ਜਿਹੜੇ ਬੈਠਦੇ ਹਨ, ਉਸ ਦਾ ਹਜ਼ਾਰ ਰੁਪਿਆ ਤੇ ਜਿਸ ਨੇ ਮਾਈਕ ਤੇ ਕੋਈ ਬਚਨ ਕਰਨਾ ਹੈ, ਉਸ ਦਾ ਪੰਜ ਹਜ਼ਾਰ ਵੱਖਰਾ ਹੈ। ਤੁਸੀਂ ਕੁਝ ਪੁੱਛਣਾ ਹੈ।

ਸਾਡੇ ਬਾਬਾ ਨੰਦ ਸਿੰਘ ਜੀ ਦਾ ਬਚਨ ਹੈ, ਇਹ ਜਿਹੜੇ ਨਕਲੀ ਸਰੀਰ ਟੀ.ਵੀ. ਤੇ ਇੰਝ ਆ ਰਹੇ ਹਨ, ਬਾਬਾ ਜੀ ਕਹਿੰਦੇ, ਜਿਹੜਾ ਸਰੀਰ ਖੁਦ ਮਾਇਆ ਨਾਲ ਜੁੜਿਆ ਹੈ, ਉਹ ਕਿਸੇ ਦਾ ਪਾਰ ਉਤਾਰਾ ਕਰ ਹੀ ਨਹੀਂ ਸਕਦਾ। ਇੱਥੇ ਤਾਂ ਨਾਮ ਦਾ ਸੌਦਾ ਹੈ। ਅੱਜ ਬਾਬਾ ਨੰਦ ਸਿੰਘ ਜੀ ਦੀ ਕਿਉਂ ਜੈ ਜੈਕਾਰ ਹੈ? ਬਿਰਲੇ ਟਾਟੇ ਵਰਗਾ ਵੀ ਥਾਲੀ ਵਿੱਚ ਲੱਖਾਂ ਦੇ ਹਿਸਾਬ ਨਾਲ ਮਾਇਆ ਲੈ ਆਇਆ। ਮਹਾਂਪੁਰਸ਼ ਕਹਿੰਦੇ, ਇਹ ਨਹੀਂ ਚਾਹੀਦੀ। ਸਾਨੂੰ ਤਾਂ ਇਹ ਚਾਹੀਦਾ ਹੈ, ਤੇਰਾ ਨੇਮ ਕਿੰਨਾ ਹੈ। ਮਹਾਂਪੁਰਸ਼ ਤਾਂ ਉਹ ਹੈ ਜਿਹੜਾ ਨਿਤਨੇਮ ਨਾਲ ਜੋੜੇ, ਬੰਦਗੀ ਨਾਲ ਜੋੜੇ। ਬਾਬਾ ਕਰਮ ਸਿੰਘ ਜੀ ਹੋਤੀ ਮਰਦਾਨ ਵਾਲਿਆਂ ਨੂੰ ਜੰਮੂ ਦੇ ਮਹਾਰਾਜੇ ਪ੍ਰਤਾਪ ਸਿੰਘ ਨੇ ਦੋ ਦੁੱਖ ਦੱਸੇ। ਇੱਕ ਔਲਾਦ ਨਹੀਂ, ਦੂਜਾ ਸਰੀਰ ਤੇ ਕਸ਼ਟ ਹੈ। ਮਹਾਂਪੁਰਸ਼ਾਂ ਨੇ ਨੇਮ ਦਿੱਤਾ। ਦੋਵੇਂ ਦੁੱਖ ਜ਼ਿੰਦਗੀ ਵਿੱਚੋਂ ਚਲੇ ਗਏ। ਹੁਣ ਸ਼ੁਕਰਾਨਾ ਕਰਨ ਆਇਆ ਤੇ ਬਹੁਤ ਮਾਇਆ ਲੈ ਆਇਆ ਤੇ ਬਾਬਾ ਕਰਮ ਸਿੰਘ ਜੀ ਹੋਤੀ ਮਰਦਾਨ ਵਾਲੇ ਕਹਿੰਦੇ, ਇਹ ਨਹੀਂ ਚਾਹੀਦੀ। ਜੇ ਸ਼ੁਕਰਾਨਾ ਕਰਨ ਆਇਆ ਹੈਂ, ਬਾਣੀ ਨੇ ਕਿਰਪਾ ਕਰ ਦਿੱਤੀ ਹੈ ਤੇ ਇਹ ਮਾਇਆ ਨਹੀਂ ਚਾਹੀਦੀ। ਸਾਨੂੰ ਇੰਨਾ ਦੱਸ ਦੇ, ਤੇਰਾ ਨੇਮ ਕਿੰਨਾ ਹੈ। ਜੰਮੂ ਦਾ ਮਹਾਰਾਜਾ ਪ੍ਰਤਾਪ ਸਿੰਘ ਕਹਿੰਦਾ ਹੈ, ਇੱਕ ਘੰਟਾ ਨੇਮ ਹੈ। ਬਾਬਾ ਕਰਮ ਸਿੰਘ ਜੀ ਹੋਤੀ ਮਰਦਾਨ ਵਾਲੇ ਕਹਿੰਦੇ, ਸ਼ੁਕਰਾਨੇ ਵਿੱਚ ਇਹ ਭੇਟਾ ਦੇ ਜਾ, ਅੱਜ ਤੋਂ ਬਾਅਦ ਦੋ ਘੰਟੇ ਨੇਮ ਕਰਨਾ ਹੈ। ਇੱਕ ਘੰਟਾ ਵਧਾ ਦੇ। ਤੇਰਾ ਸ਼ੁਕਰਾਨਾ ਆਪੇ ਹੀ ਹੋ ਜਾਵੇਗਾ। ਇਹ ਹਨ

ਅਸਲੀ ਮਹਾਂਪੁਰਸ਼, ਜਿਹੜੇ ਬੰਦੇ ਦਾ ਨਿਤਨੇਮ ਵਧਾ ਦੇਣ।

ਅੱਜ ਕਲ੍ਹ ਬਹੁਤ ਸਾਰੀ ਲਾਈਨ ਟੀ.ਵੀ. ਤੇ ਅਖੌਤੀ ਪ੍ਰਚਾਰ ਦੀ ਲੱਗ ਗਈ ਹੈ। ਆਪ ਜੀ ਨੇ ਬਚ ਕੇ ਰਹਿਣਾ ਹੈ। ਪੂਰਨ ਮਹਾਂਪੁਰਸ਼ ਦੀ ਛੇਵੀਂ ਨਿਸ਼ਾਨੀ ਸੀ, ਬਾਰੂਦ ਦੇ ਢੇਰ ਤੇ ਵੀ ਬੈਠਾ ਹੋਵੇ ਤੇ ਆਪਣੀ ਕਮਾਈ ਨੂੰ ਜਰਿਆ ਹੁੰਦਾ ਹੈ, ਇੰਝ ਸ਼ੋਅ ਨਹੀਂ ਕਰਦਾ।

ਜਹਾਂਗੀਰ ਨੇ ਆਖਿਆ ਸੀ ਕਿ ਧਰਤੀ ਤੇ ਇਹੋ ਜਿਹਾ ਕੋਈ ਹੈ ਤੇ ਉਨ੍ਹਾਂ ਨੇ ਆਖਿਆ ਸੀ, ਸਾਂਈਂ ਮੀਆਂ ਮੀਰ ਜੀ ਦੀ ਬੈਟਰੀ ਇੰਨੀ ਚਾਰਜ ਸੀ, ਕਹਿੰਦੇ, ਧੰਨ ਗੁਰੂ ਅਰਜਨ ਦੇਵ ਜੀ। ਤੱਤੀ ਲੋਹ ਤੇ ਬਿਠਾਇਆ, ਤੇਰੇ ਇਸ ਚੰਦੂ ਨੇ। ਤੱਤੀ ਦੇਗ ਵਿੱਚ ਉਬਾਲਿਆ, ਤੱਤੀ ਰੇਤ ਸੀਸ ਤੇ ਪਵਾਈ, ਧੰਨ ਗੁਰੂ ਅਰਜਨ ਦੇਵ ਜੀ ਮਹਾਰਾਜ ਜੋ ਚਾਹੁਣ ਕਰ ਸਕਦੇ ਸੀ ਪਰ ਜਰਿਆ ਸੀ, ਅਜਰ ਨੂੰ। ਉਹ ਬਚਨ ਸੁਣਨ ਵਾਲੇ ਹਨ ਕਿਉਂਕਿ ਬੈਟਰੀ ਚਾਰਜ ਸੀ ਤੇ ਤਾਂ ਹੀ ਬੀਬੀ ਕੌਲਾਂ ਜੀ ਨੂੰ ਸੰਗਤ ਵਿੱਚੋਂ ਰੰਗ ਲੱਗਾ। ਸਾਂਈਂ ਮੀਆਂ ਮੀਰ ਜੀ ਦਾ ਪਹਿਲਾ ਬਚਨ ਸੀ, ਜਹਾਂਗੀਰ ਨੂੰ, ਧੰਨ ਗੁਰੂ ਅਰਜਨ ਦੇਵ ਜੀ ਕੋਲ ਇੰਨੀ ਤਾਕਤ ਸੀ, ਜਹਾਂਗੀਰ, ਧੰਨ ਗੁਰੂ ਅਰਜਨ ਦੇਵ ਜੀ ਮਹਾਰਾਜ ਇੱਕ ਹੱਥ ਉੱਤੇ ਚੁੱਕ ਦੇਣ ਤੇ ਅਕਾਸ਼ ਫੱਟ ਸਕਦਾ ਸੀ। ਇਹ ਪਹਿਲਾ ਬਚਨ ਸੂਰਜ ਪ੍ਰਕਾਸ਼ ਵਿੱਚ ਲਿਖਿਆ ਹੈ। ਦੂਜਾ ਬਚਨ- ਸਾਂਈਂ ਮੀਆਂ ਮੀਰ ਜੀ ਨੇ ਕੀਤਾ, ਧੰਨ ਗੁਰੂ ਅਰਜਨ ਦੇਵ ਜੀ ਮਹਾਰਾਜ ਕੋਲ ਇੰਨੀ ਤਾਕਤ ਸੀ, ਇੱਕ ਹੱਥ ਉੱਤੇ ਚੁੱਕ ਦੇਣ, ਯੁੱਗ ਪਲਟ ਸਕਦੇ ਸਨ। ਤੀਜਾ ਬਚਨ ਕੀਤਾ- ਧੰਨ ਗੁਰੂ ਅਰਜਨ ਦੇਵ ਜੀ ਮਹਾਰਾਜ ਦੇ ਹੱਥ ਵਿੱਚ ਇੰਨੀ ਤਾਕਤ ਦੀਆਂ ਕਲਮਾਂ ਹਨ, ਜਿਸ ਦੀ ਝੋਲੀ ਵਿੱਚ ਕਲਮ ਪਾ ਦੇਣ, ਉਸ ਨੂੰ ਅੱਗੋਂ ਤਾਕਤਾਂ ਦੇ ਸਕਦੇ ਹਨ। ਦਾਸ ਬੇਨਤੀ ਕਰਨੀ ਚਾਹੁੰਦਾ ਹੈ ਕਿ ਵੇਖੋ ਬੈਟਰੀ ਕਿੰਨੀ ਚਾਰਜ ਸੀ। ਆਹ ਹੈ ਸ਼ਰਧਾ। ਜਹਾਂਗੀਰ ਨੇ ਆਖਿਆ ਕਿ ਤੁਸੀਂ ਦੋਸ਼ ਤਾਂ ਨਹੀਂ ਕਰ ਰਹੇ। ਕਿਸੇ ਹੋਰ ਧਰਮ ਵਾਲੇ ਦੀ ਇੰਨੀ ਸਿਫਤ ਕਰਨੀ, ਦੋਸ਼ ਹੈ। ਦੋਸ਼ ਕਹਿੰਦੇ, ਗੁਨਾਹ। ਸਾਂਈਂ ਮੀਆਂ ਮੀਰ ਜੀ, ਤੁਸੀਂ ਕਿਤੇ ਦੋਸ਼ ਤਾਂ ਨਹੀਂ ਕਰ ਰਹੇ। ਉਸ ਤੋਂ ਬਾਅਦ ਦੋ ਜਵਾਬ ਦਿੱਤੇ। ਜਹਾਂਗੀਰ ਤੂੰ ਦੋਸ਼ ਕਹਿੰਦਾ ਹੈਂ। ਮੈਂ ਧੰਨ ਗੁਰੂ ਅਰਜਨ ਦੇਵ ਜੀ ਮਹਾਰਾਜ ਦੀ ਸਿਫਤ ਕਰ ਰਿਹਾ ਹਾਂ ਤੇ ਤੂੰ ਇਸ ਨੂੰ ਦੋਸ਼ ਕਹਿੰਦਾ ਹੈਂ। ਦੋ ਜਵਾਬ ਦਿੱਤੇ ਸੀ, ਉਹ ਕੀ? ਇਨ੍ਹਾਂ ਜਵਾਬਾਂ ਤੋਂ ਆਪਣੀ ਬੈਟਰੀ ਚਾਰਜ ਕਰਕੇ ਘਰਾਂ ਨੂੰ ਲੈ ਕੇ ਜਾਣਾ। ਦੋ ਜਵਾਬ ਦਿੱਤੇ ਸੀ, ਉਹ ਕੀ? ਪਹਿਲਾ ਜਵਾਬ। ਜਹਾਂਗੀਰ, ਅਸੀਂ ਸਾਰੇ ਪੀਰ ਜਦੋਂ ਅੰਮ੍ਰਿਤ ਵੇਲੇ ਸੁਰਤ ਜੋੜਦੇ ਹਾਂ ਤੇ ਜਦੋਂ ਸਾਡੀ ਸੁਰਤ ਦਰਗਾਹ ਵਿੱਚ ਜਾਂਦੀ ਹੈ ਤੇ ਇਹੀ ਧੰਨ ਗੁਰੂ ਅਰਜਨ ਦੇਵ ਜੀ ਮਹਾਰਾਜ ਦਰਗਾਹ ਵਿੱਚ ਬੈਠੇ ਹੁੰਦੇ ਹਨ ਜਿਨ੍ਹਾਂ ਨੂੰ ਜਾ ਕੇ ਅਸੀਂ ਸਿਜਦਾ ਕਰਦੇ ਹਾਂ। ਵੇਖੋ। ਇਹ ਕਿੰਨੀ ਬੈਟਰੀ ਚਾਰਜ ਹੈ। ਦੂਜਾ ਜਵਾਬ ਦਿੱਤਾ ਸੀ, ਜਹਾਂਗੀਰ, ਵਾਹਦ ਇੱਕ ਗੁਰੂ ਨਾਨਕ ਮਹਾਰਾਜ ਦਾ ਘਰ ਹੈ। ਇਸ ਦੀ ਗੱਦੀ ਤੇ ਜਿਹੜਾ ਬੈਠਦਾ ਹੈ, ਉਹ ਖੁਦਾ ਦਾ ਰੂਪ ਹੁੰਦਾ ਹੈ। ਤੁਸੀਂ ਵੀ ਅਰਦਾਸ ਕਰਿਆ ਕਰੋ, ਇਹੋ ਜਿਹੀਆਂ ਰੰਗੀਆਂ ਰੂਹਾਂ ਜਿਨ੍ਹਾਂ ਦੀ ਬੈਟਰੀ ਚਾਰਜ ਹੈ, ਮਹਾਰਾਜ ਜੀ, ਸਾਨੂੰ ਵੀ ਉਨ੍ਹਾਂ ਦਾ ਸੰਗ ਬਖਸ਼ੋ। ਕਥਾ ਰਾਹੀਂ ਦੇ ਦਿਓ ਸੰਗ। ਉਂਝ ਦੇ ਦਿਓ। ਚਰਨ ਧੂੜੀ ਰਾਹੀਂ ਦੇ ਦਿਓ। ਸਤਿਸੰਗਤ ਰਾਹੀਂ ਦੇ ਦਿਓ। ਕਿਤਾਬਾਂ ਰਾਹੀਂ ਦੇ ਦਿਓ। ਨਾਲ-ਨਾਲ ਕਰਿਓ ਕਿਰਪਾ ਜੀ :

*ਸੇਈ ਪਿਆਰੇ ਮੇਲ ਜਿਨ੍ਹਾਂ ਮਿਲਿਆ*
*ਤੇਰਾ ਨਾਮ ਚਿਤ ਆਵੇ ॥*

ਭਾਈ ਨੰਦ ਲਾਲ ਜੀ ਦੀਆਂ ਗਜ਼ਲਾਂ ਘਰ ਰੱਖਿਆ ਕਰੋ। ਪੰਜਾਬੀ ਵਿੱਚ ਉਲੱਥਾ ਹੈ ਪੜ੍ਹਿਆ ਕਰੋ। ਫਿਰ ਵੇਖੋ ਕਿ ਭਾਈ ਨੰਦ ਲਾਲ ਜੀ ਦੀ ਭਾਵਨਾ ਕਲਗੀਧਰ ਪਾਤਸ਼ਾਹ ਜੀ ਪ੍ਰਤੀ ਕਿੱਥੇ ਪਹੁੰਚੇ ਹੋਏ ਸੀ :

*ਲੰਘ ਗਿਆ ਗੁਰ ਕਲਗੀਆਂ ਵਾਲਾ*
*ਮੇਰੀਆਂ ਅੱਖਾਂ ਅੱਗੋਂ ਸਹੀਉ।*

*ਜਾਨੀ ਪਿਛੈ ਜਾਨ ਅਸਾਡੀ*
*ਨੈਣਾਂ ਰਸਤੇ ਗਹੀਉ।*

ਚਲੋ ਲੰਬਾ ਨਾ ਕਰੀਏ। ਜਦੋਂ ਛੇਵੇਂ ਪਾਤਸ਼ਾਹ ਜੀ ਗਵਾਲੀਅਰ ਤੋਂ ਅੰਮ੍ਰਿਤਸਰ ਆਏ ਤੇ ਅੰਮ੍ਰਿਤਸਰ ਤੋਂ ਲਾਹੌਰ ਗਏ। ਲਾਹੌਰ ਕਿੱਥੇ ਰੁਕੇ? ਮੁਜੰਗ ਪਿੰਡ। ਡੇਰਾ ਲਗਾਇਆ। ਰੋਜ਼ ਦੀਵਾਨ ਲੱਗਦੇ ਹਨ ਤੇ ਇੱਕ ਦਿਨ ਹਜ਼ੂਰ ਛੇਵੇਂ ਪਾਤਸ਼ਾਹ ਸਿੱਖਾਂ ਦੇ ਨਾਲ ਨਿਕਲਣ ਲੱਗੇ ਤੇ ਫੁਰਨਾ ਬਣ ਗਿਆ ਕਿ ਸਾਂਈਂ ਮੀਆਂ ਮੀਰ ਜੀ ਨੂੰ ਮਿਲ ਕੇ ਆਈਏ। ਥੋੜ੍ਹੀ ਦੂਰ ਹੀ ਸੀ। ਆਹ ਵੇਖੋ ਕਿਰਪਾ। ਇਤਿਹਾਸ ਵਿੱਚ ਪੜ੍ਹੋ, ਛੇਵੇਂ ਪਾਤਸ਼ਾਹ ਜੀ ਨੇ ਘੋੜਾ ਉਧਰ ਮੋੜਿਆ ਜਿਧਰ ਸਾਂਈਂ ਮੀਆਂ ਮੀਰ ਜੀ ਦਾ ਡੇਰਾ ਹੈ, ਮੁਜੰਗ ਪਿੰਡ ਦੇ ਕੋਲ। ਇਧਰ ਘੋੜਾ ਮੋੜਿਆ ਹੈ, ਫੁਰਨਾ ਬਣਿਆ ਹੈ ਕਿ ਸਾਂਈਂ ਜੀ ਨੂੰ ਮਿਲ ਕੇ ਆਈਏ। ਦਾਸ ਹੈਰਾਨ ਹੋ ਗਿਆ। ਇਧਰੋਂ ਫੁਰਨਾ ਬਣਿਆ ਉਧਰੋਂ ਸਾਂਈਂ ਮੀਆਂ ਮੀਰ ਜੀ ਇਕਦਮ ਉੱਠ ਕੇ ਖਲ੍ਹੋ ਗਏ। ਚੇਲੇ ਕਹਿੰਦੇ, ਕੀ ਗੱਲ? ਕਹਿਣ ਲੱਗੇ, ਗੁਰੂ ਨਾਨਕ ਮਹਾਰਾਜ ਜੀ ਦੀ ਛੇਵੀਂ ਜੋਤ ਸਾਡੇ ਵੱਲ ਆ ਰਹੇ ਹਨ। ਹੈ ਉਹ ਵੱਡੇ ਹਨ, ਉੱਚੇ ਹਨ, ਸਤਿਕਾਰਯੋਗ ਹਨ, ਉਹ ਇਧਰ ਤੁਰ ਪਏ ਹਨ ਤੇ ਆਪਾਂ ਨੰਗੇਂ ਪੈਰੀ ਉਨ੍ਹਾਂ ਨੂੰ ਲੈਣ ਤੁਰਨਾ ਹੈ। ਆਹ ਹੈ ਨਾਤਾ ਸਾਡਾ। ਸਾਂਈਂ ਜੀ ਅੱਗੋਂ ਲੈਣ ਗਏ। ਜਦੋਂ ਲੈ ਕੇ ਆਪਣੇ ਅਸਥਾਨ ਤੇ ਲਿਆਏ ਤੇ ਹੁਣ ਪਹਿਲੀ ਗੱਲ ਵੇਖਿਓ, ਸਾਂਈਂ ਮੀਆਂ ਮੀਰ ਜੀ ਨੇ ਛੇਵੇਂ ਪਾਤਸ਼ਾਹ ਜੀ ਨੂੰ ਕਿੱਥੇ ਬਿਠਾਇਆ? ਜਿਹੜੇ ਆਸਣ ਤੇ ਆਪ ਬੈਠਦੇ ਸੀ, ਉੱਥੇ ਬਿਠਾਇਆ ਔਰ ਲਿਖਿਆ ਹੈ ਕਿ ਬਿਠਾਉਣ ਵੇਲੇ ਪਹਿਲੇ ਲਫਜ਼ ਮੂੰਹ ਵਿੱਚੋਂ ਨਿਕਲੇ, ਜ਼ਰਾ ਅੱਜ ਬੈਟਰੀਆਂ ਚਾਰਜ ਕਰੋ। ਪਹਿਲੇ ਲਫਜ਼ ਲਿਖੇ ਹਨ, ਕਹਿੰਦੇ, ਅੱਜ ਅੱਲ੍ਹਾ ਦਾ ਨੂਰ ਆਪ ਦਰਸ਼ਨ ਦੇਣ ਆਇਆ ਹੈ। ਜਦੋਂ ਸੇਵਾ ਕੀਤੀ, ਜੋ ਛਕਾਉਣਾ ਸੀ, ਉਹ ਛਕਾਇਆ ਤੇ ਜਦੋਂ ਛੇਵੇਂ ਪਾਤਸ਼ਾਹ ਜੀ ਜਾਣ ਲੱਗੇ ਤੇ ਤੀਜੀ ਗੱਲ ਬੜੀ ਵੱਡੀ ਕੀਤੀ। ਸਾਂਈਂ ਮੀਆਂ ਮੀਰ ਜੀ ਫਕੀਰ ਸੀ, ਔਲੀਆ ਸੀ, ਹਜ਼ਾਰਾਂ ਲੱਖਾਂ ਰਾਜੇ ਮਹਾਰਾਜੇ ਸਾਂਈਂ ਜੀ ਦੇ ਸੇਵਕ ਸੀ ਤੇ ਜਾਣ ਵੇਲੇ ਜਿਹੜਾ ਕੰਮ ਕੀਤਾ, ਸਾਂਈਂ ਮੀਆਂ ਮੀਰ ਜੀ ਨੇ, ਉਹ ਕੀ? ਕਹਿੰਦੇ, ਇੰਨੇ ਸਾਂਈਂ ਹੁੰਦਿਆਂ, ਫਕੀਰ ਹੁੰਦਿਆਂ, ਛੇਵੇਂ ਪਾਤਸ਼ਾਹ ਜੀ ਦੇ ਚਰਨਾਂ ਉੱਤੇ ਲੰਮੇ ਪੈ ਕੇ ਆਪ ਸਿਜਦਾ ਕੀਤਾ। ਧਿਆਨ ਦੇਣਾ ਜੀ।

*ਸਾਚੁ ਕਹੌਂ ਸੁਨ ਲੇਹੁ ਸਭੈ*
*ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ ॥੯॥੨੯॥*
*(ਤ੍ਵ ਪ੍ਰਸਾਦਿ ਸਵੱਯੇ)*

ਦਰਸ਼ਨ ਕਰਿਓ। ਜਦੋਂ ਸਾਂਈਂ ਮੀਆਂ ਮੀਰ ਜੀ ਨੇ ਆਸਣ ਤੇ ਬਿਠਾ ਕੇ ਕਿਹਾ ਕਿ ਅੱਜ ਅੱਲ੍ਹਾ ਦਾ ਨੂਰ ਆਪ ਦਰਸ਼ਨ ਦੇਣ ਆਇਆ ਹੈ। ਜਾਣ ਲੱਗਿਆਂ ਸਿਜਦਾ ਕੀਤਾ। ਉਸ ਵੇਲੇ ਉਸ ਸੰਗਤ ਵਿੱਚ ਬੀਬੀ ਕੌਲਾਂ ਜੀ ਵੀ ਬੈਠੇ ਹੋਏ ਸੀ। ਜਦੋਂ ਸਤਿਗੁਰੂ ਜੀ ਚਲੇ ਗਏ ਤੇ ਬੀਬੀ ਕੌਲਾਂ ਜੀ ਸਾਂਈਂ ਮੀਆਂ ਮੀਰ ਜੀ ਨੂੰ ਪੁੱਛਦੇ ਹਨ, ਤੁਸੀਂ ਉਨ੍ਹਾਂ ਨੂੰ ਅੱਲਾ ਦਾ ਨੂਰ ਕਿਉਂ ਕਿਹਾ ਹੈ? ਹੁਣ ਵੇਖੋ ਸ਼ਰਧਾ। ਸਾਂਈਂ ਮੀਆਂ ਮੀਰ ਜੀ ਅੱਗੋਂ ਬੀਬੀ ਕੌਲਾਂ ਜੀ ਨੂੰ ਕਹਿੰਦੇ, ਬੱਚੀਏ, ਅੱਜ ਇਹ ਜਿਹੜੇ ਵਲੀ ਆਏ ਹਨ, ਇਹ ਗੁਰੂ ਨਾਨਕ ਮਹਾਰਾਜ ਦੇ ਗੱਦੀ ਨਸ਼ੀਨ ਹਨ। ਅੰਮ੍ਰਿਤਸਰ ਇਨ੍ਹਾਂ ਦਾ ਨਿਵਾਸ ਹੈ। ਲੋਕ-ਪਰਲੋਕ ਦੀਆਂ ਸਾਰੀਆਂ ਸ਼ਕਤੀਆਂ ਦੇ ਇਹ ਮਾਲਕ ਹਨ। ਹੁਣ ਇਤਿਹਾਸਕਾਰਾਂ ਨੇ ਤਿੰਨ ਗੱਲਾਂ ਲਿਖੀਆਂ ਹਨ। ਸੁਣਿਓ। ਉਹ ਤਿੰਨ ਗੱਲਾਂ ਕਿਹੜੀਆਂ ਲਿਖੀਆਂ ਹਨ? ਕਹਿੰਦੇ ਕਿ ਸ੍ਰੀ ਸੁਖਮਨੀ ਸਾਹਿਬ ਦਾ ਪਾਠ ਸੁਣ ਕੇ, ਛੇਵੇਂ ਪਾਤਸ਼ਾਹ ਜੀ ਦੇ ਦਰਸ਼ਨ ਕਰਕੇ ਤੇ ਗੁਰੂ ਘਰ ਦੀ ਮਹਿਮਾ ਸੁਣ ਕੇ ਬੀਬੀ ਕੌਲਾਂ ਜੀ ਨੂੰ ਵੀ ਗੁਰੂ ਘਰ ਨਾਲ ਪਿਆਰ ਹੋ ਗਿਆ, ਗੁਰੂ ਦਰਬਾਰ ਨਾਲ ਪਿਆਰ ਹੋ ਗਿਆ। ਤਿੰਨ ਗੱਲਾਂ ਫਿਰ ਸੁਣ ਲਓ : ਸ੍ਰੀ ਸੁਖਮਨੀ ਸਾਹਿਬ ਦਾ ਪਾਠ ਸੁਣ ਕੇ, ਧੰਨ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਦਰਸ਼ਨ ਕਰਕੇ ਤੇ ਗੁਰੂ ਘਰ ਦੀ ਮਹਿਮਾ ਸੁਣ ਕੇ ਗੁਰੂ ਘਰ ਨਾਲ ਲਗਨ

ਲੱਗ ਗਈ। ਵੈਸੇ ਸ੍ਰੀ ਸੁਖਮਨੀ ਸਾਹਿਬ ਜੀ ਦਾ ਪਾਠ ਰਸਨਾ ਨਾਲ ਕਰੋ, ਤਾਂ ਵੀ ਧੰਨ ਹੈ। ਕਈ ਵਾਰ ਸੁਰਤੀ ਵਿੱਚ ਚਲਦਾ ਹੈ ਤਾਂ ਵੀ ਧੰਨ ਹੈ ਤੇ ਕਈ ਵਾਰ ਨੇਤਰਾਂ ਵਿੱਚ ਚਲਦਾ ਹੈ ਤਾਂ ਵੀ ਧੰਨ ਹੈ। ਕਦੀ ਕਦੀ ਭਾਵੇਂ ਨੇਤਰਾਂ ਨਾਲ ਪਾਠ ਹੋਵੇ, ਭਾਵੇਂ ਸੁਰਤੀ ਹੋਵੇ ਤੇ ਭਾਵੇਂ ਰਸਨਾ ਨਾਲ ਤੇ ਕਦੀ-ਕਦੀ ਕੋਈ ਕੋਈ ਪਉੜੀ ਵਿਚਾਰ ਕੇ ਕਰਿਓ। ਦਾਸ ਨੇ ਇੱਕ ਗੱਲ ਨੋਟ ਕੀਤੀ। ਸ੍ਰੀ ਸੁਖਮਨੀ ਸਾਹਿਬ ਦੀ ਕੋਈ ਪਉੜੀ ਪੜ੍ਹ ਲਓ, ਕੋਈ ਪੰਕਤੀ ਪੜ੍ਹ ਲਓ, ਅਸਟਪਦੀ ਪੜ੍ਹ ਲਓ, ਉਸ ਵਿੱਚ ਨਾਮ ਹੀ ਨਾਮ ਹੈ:

*ਬਿਸਮਨ ਬਿਸਮ ਭਏ ਬਿਸਮਾਦ ॥*
*ਜਿਨਿ ਬੂਝਿਆ ਤਿਸੁ ਆਇਆ ਸ੍ਵਾਦ ॥*

*(ਅੰਗ ੨੮੫)*

ਜਿਸ ਨੇ ਉਸ ਨੂੰ ਬੁਝ ਲਿਆ, ਉਸ ਨੂੰ ਸੁਆਦ ਆ ਗਿਆ।

*ਪ੍ਰਭ ਕੈ ਰੰਗਿ ਰਾਚਿ ਜਨ ਰਹੇ ॥*

ਜਿਹੜੇ ਨਾਮ ਦੇ ਰੰਗ ਵਿੱਚ ਰੰਗੇ ਗਏ।

*ਗੁਰ ਕੈ ਬਚਨਿ ਪਦਾਰਥ ਲਹੇ ॥*

*(ਅੰਗ ੨੮੫)*

ਦਾਸ ਕਈ ਵਾਰ ਸ੍ਰੀ ਸੁਖਮਨੀ ਸਾਹਿਬ ਜੀ ਦਾ ਪਾਠ ਕਰਦਾ ਹੈ ਤੇ ਵਾਹਿਗੁਰੂ ਵਾਹਿਗੁਰੂ ਹੀ ਚੱਲ ਪੈਂਦਾ ਹੈ, ਨਾਮ ਹੀ ਨਾਮ ਹੈ। ਹੋਰ ਕੁਝ ਹੈ ਹੀ ਨਹੀਂ। ਗੁਰੂ ਅਰਜਨ ਦੇਵ ਜੀ ਨੇ ਕੋਈ ਦਲੀਲ, ਕੋਈ ਮਿਸਾਲ ਛੱਡੀ ਹੀ ਨਹੀਂ।

*ਪ੍ਰਭ ਕੈ ਸਿਮਰਨਿ ਗਰਭਿ ਨ ਬਸੈ ॥*

ਸਿਮਰਨ ਕਰ।

*ਪ੍ਰਭ ਕੈ ਸਿਮਰਨਿ ਦੂਖੁ ਜਮੁ ਨਸੈ ॥*
*ਪ੍ਰਭ ਕੈ ਸਿਮਰਨਿ ਕਾਲੁ ਪਰਹਰੈ ॥*

*(ਅੰਗ ੨੬੨)*

ਉਸ ਵੇਲੇ ਦਿਲ ਕਰਦਾ ਹੈ, ਸਿਮਰਨ ਕਰੀ ਜਾਈਏ।

*ਪ੍ਰਭ ਕੈ ਸਿਮਰਨਿ ਦੁਸਮਨੁ ਟਰੈ ॥*

ਜੇ ਤੈਨੂੰ ਦੁਸ਼ਮਣ ਦਾ ਡਰ ਵੀ ਹੈ ਤੇ ਸਿਮਰਨ ਕਰ।

*ਪ੍ਰਭ ਸਿਮਰਤ ਕਛੁ ਬਿਘਨੁ ਨ ਲਾਗੈ ॥*

*(ਅੰਗ ੨੬੨)*

ਵੇਖੋ, ਨਾਮ ਹੀ ਨਾਮ ਹੈ। ਨਾਮ ਦਾ ਇੰਨਾ ਮਹਾਤਮ ਹੈ। ਬੀਬੀ ਕੌਲਾਂ ਜੀ ਨੇ ਗਹਿਰਾਈ ਨਾਲ ਅਨੁਭਵ ਕੀਤਾ। ਕਹਿੰਦੇ ਕਿ ਸ੍ਰੀ ਸੁਖਮਨੀ ਸਾਹਿਬ ਜੀ ਦਾ ਪਾਠ ਸੁਣ ਕੇ, ਗੁਰੂ ਜੀ ਦੇ ਦਰਸ਼ਨ ਕਰਕੇ, ਗੁਰੂ ਘਰ ਦੀ ਮਹਿਮਾ ਸੁਣ ਕੇ ਲਗਨ ਲੱਗ ਗਈ। ਹੁਣ ਸੁਣਨਾ ਔਖਾ ਹੈ ਤੁਹਾਨੂੰ। ਬੀਬੀ ਕੌਲਾਂ ਜੀ ਦੇ ਪਿਤਾ ਦੇ ਮੁੱਖ ਵਿੱਚੋਂ ਇਹ ਨਿਕਲਿਆ, ਤੂੰ ਕਾਫਰਾਂ ਦੀ ਬਾਣੀ ਪੜ੍ਹਦੀ ਹੈਂ। ਪਹਿਲਾ ਸਟੈਪ ਕੀ ਲਿਆ, ਕਾਜ਼ੀ ਰੁਸਤਮ ਖਾਂ ਨੇ। ਤੇਰੀ ਰੋਟੀ ਬੰਦ। ਇੱਕ ਵਾਰੀ ਕਿਸੇ ਦੀਵਾਨ ਵਿੱਚ ਮਹਾਂਪੁਰਸ਼ਾਂ ਨੇ ਧਾਰਨਾ ਸੁਣਾਈ ਸੀ, ਬੀਬੀ ਕੌਲਾਂ ਜੀ ਬਾਰੇ :

*ਮੈਨੂੰ ਮਿਲ ਜਾਵੇ ਗੁਰਬਾਣੀ*
*ਰੋਟੀ ਭਾਵੇਂ ਮਿਲੇ ਨਾ ਮਿਲੇ।*

ਹੋਰ ਸਹੂਲਤਾਂ ਬੰਦ। ਬਾਣੀ ਪੜ੍ਹਦੀ ਹੈ, ਗੁਰੂ ਘਰ ਨਾਲ ਜੁੜਦੀ ਹੈ। ਉਹ ਲਗਨ ਜਦੋਂ ਅਜੇ ਵੀ ਨਾ ਛੱਡੀ, ਬੀਬੀ ਕੌਲਾਂ ਜੀ ਨੇ ਬਾਣੀ ਦੀ ਲਗਨ ਅਜੇ ਵੀ ਨਹੀਂ ਛੱਡੀ ਤੇ ਫਿਰ ਜਿਹੜਾ ਸਭ ਤੋਂ ਫਾਈਨਲ ਕੰਮ ਸੀ, ਕਾਜ਼ੀਆਂ ਕੋਲੋਂ ਬੀਬੀ ਕੌਲਾਂ ਜੀ ਦੀ ਮੌਤ ਦਾ ਫਤਵਾ ਲਗਵਾ ਦਿੱਤਾ। ਬੀਬੀ ਕੌਲਾਂ ਜੀ ਦੀ ਮਾਤਾ ਜੀ ਨੇ ਬੀਬੀ ਕੌਲਾਂ ਜੀ ਨੂੰ ਸਾਂਈਂ ਮੀਆਂ ਮੀਰ ਜੀ ਕੋਲ ਭੇਜਿਆ, ਇਸ ਨੂੰ ਬਚਾਅ ਲਓ। ਧਰਮ ਦੀ ਆੜ ਹੇਠ ਇਸਦੇ ਪਿਤਾ ਨੇ ਮੌਤ ਦਾ ਫਤਵਾ ਲਗਵਾ ਦਿੱਤਾ ਹੈ, ਬੀਬੀ ਕੌਲਾਂ ਜੀ ਨੂੰ ਮਾਰ ਦੇਣਗੇ, ਬਚਾਅ ਲਓ। ਹੁਣ ਲਫਜ਼ ਸੁਣਨ ਵਾਲੇ ਹਨ। ਸਾਂਈਂ ਮੀਆਂ ਮੀਰ ਜੀ ਨੇ ਆਪਣੇ ਚੇਲੇ ਅਬਦੁੱਲਾ ਖਾਂ ਨਾਲ ਬੀਬੀ ਕੌਲਾਂ ਜੀ ਨੂੰ ਛੇਵੇਂ ਪਾਤਸ਼ਾਹ ਜੀ ਜੋ ਮੁਜੰਗ ਪਿੰਡ ਰੁਕੇ ਹੋਏ ਸੀ, ਉਨ੍ਹਾਂ

ਦੀ ਸ਼ਰਨ ਵਿੱਚ ਭੇਜ ਦਿੱਤਾ। ਹੁਣ ਇਹ ਲਫਜ਼ ਸੁਣਨੇ ਹਨ, ਬੜੇ ਧਿਆਨ ਨਾਲ। ਸਾਂਈਂ ਮੀਆਂ ਮੀਰ ਜੀ ਆਪਣੇ ਚੇਲੇ ਅਬਦੁੱਲਾ ਖਾਂ ਦੇ ਹੱਥ ਬੀਬੀ ਕੌਲਾਂ ਜੀ ਨੂੰ ਛੇਵੇਂ ਪਾਤਸ਼ਾਹ ਜੀ ਕੋਲ ਭੇਜਿਆ ਤੇ ਕੀ ਆਖਿਆ, ਗਰੀਬ ਨਿਵਾਜ, ਕਾਜ਼ੀਆਂ ਨੇ ਮੌਤ ਦਾ ਫਤਵਾ ਲਗਵਾ ਦਿੱਤਾ। ਮੈਂ ਆਪਣੇ ਕੋਲ ਰੱਖ ਨਹੀਂ ਸਕਦਾ। ਮੇਰੇ ਕੋਲੋਂ ਬਾਦਸ਼ਾਹੀ ਆਦਮੀ ਇਸ ਨੂੰ ਲੈ ਜਾਣਗੇ। ਤੁਹਾਡੇ ਅੱਗੇ ਕਿਸੇ ਬਾਦਸ਼ਾਹ ਨੇ ਨਹੀਂ ਟਿਕਣਾ। ਅਗਲੇ ਲਫਜ਼ ਲਿਖੇ ਹਨ, ਸਾਂਈਂ ਮੀਆਂ ਮੀਰ ਜੀ ਦੇ ਕਿ ਛੇਵੇਂ ਪਾਤਸ਼ਾਹ ਜੀ, ਕੌਲਾਂ ਸ਼ਰਨ ਆਈ ਹੈ। ਇਸ ਦੀ ਲਾਜ ਰੱਖਣੀ। ਗਿਆਨੀ ਗਿਆਨ ਸਿੰਘ ਜੀ ਨੇ ਤਵਾਰੀਖ ਗੁਰੂ ਖਾਲਸਾ ਵਿੱਚ ਲਿਖਿਆ ਹੈ ਕਿ ਸਾਂਈਂ ਮੀਆਂ ਮੀਰ ਜੀ ਨੇ ਛੇਵੇਂ ਪਤਾਸ਼ਾਹ ਜੀ ਨੂੰ ਕਿਹਾ ਕਿ ਕੌਲਾਂ ਸ਼ਰਨ ਆਈ ਹੈ। ਇਸ ਦੀ ਜਾਨ ਬਚਾਉਣਾ ਤੁਹਾਡਾ ਤੇ ਸਾਡਾ ਧਰਮ ਹੈ। ਅੱਗੋਂ ਗਿਆਨੀ ਗਿਆਨ ਸਿੰਘ ਜੀ ਨੇ ਲਿਖਿਆ ਹੈ, ਨਿਥਾਵਿਆਂ ਦੇ ਥਾਂਵ, ਨਿਆਸਰਿਆਂ ਦੇ ਆਸਰੇ, ਛੇਵੇਂ ਪਾਤਸ਼ਾਹ ਜੀ ਨੇ ਪਨਾਹ ਦੇ ਦਿੱਤੀ। ਥਾਂ ਦੇ ਦਿੱਤੀ। ਗਿਆਨੀ ਗਿਆਨ ਸਿੰਘ ਜੀ ਨੇ ਤਵਾਰੀਖ ਗੁਰੂ ਖਾਲਸਾ ਵਿੱਚ ਲਿਖਿਆ ਹੈ, ਕੌਲਾਂ ਸ਼ਰਨ ਆਈ ਹੈ। ਇਸ ਦੀ ਜਾਨ ਬਚਾਉਣਾ ਤੁਹਾਡਾ ਤੇ ਸਾਡਾ ਧਰਮ ਹੈ। ਨਿਆਸਰਿਆਂ ਦੇ ਆਸਰੇ ਨੇ ਸ਼ਰਨ ਆਇਆਂ ਦੀ ਲਾਜ ਰੱਖੀ। ਇੱਕ ਵਾਰੀ ਪਿਆਰ ਨਾਲ ਪੜ੍ਹੋ। ਛੇਵੇਂ ਪਾਤਸ਼ਾਹ ਜੀ ਕੌਣ ਹਨ :

*ਹਰਿ ਜੀਉ ਨਿਮਾਣਿਆ ਤੂ ਮਾਣੁ ॥*
*ਨਿਚੀਜਿਆ ਚੀਜ ਕਰੇ ਮੇਰਾ ਗੋਵਿੰਦੁ*
*ਤੇਰੀ ਕੁਦਰਤਿ ਕਉ ਕੁਰਬਾਣੁ ॥ ਰਹਾਉ ॥*

*(ਅੰਗ ੬੨੪)*

ਬੜਾ ਔਖਾ ਕੰਮ ਸੀ।

*ਜੋ ਸਰਣਿ ਆਵੈ ਤਿਸੁ ਕੰਠਿ ਲਾਵੈ*
*ਇਹੁ ਬਿਰਦੁ ਸੁਆਮੀ ਸੰਦਾ ॥*

*(ਅੰਗ ੫੪੪)*

ਮਹਾਰਾਜ ਜੀ ਨੇ ਸ਼ਰਨ ਆਇਆਂ ਦੀ ਲਾਜ ਰੱਖੀ। ਗੁਰੂ ਸਾਹਿਬ ਜੀ ਬੀਬੀ ਕੌਲਾਂ ਜੀ ਨੂੰ ਨਾਲ ਲੈ ਕੇ ਸੰਗਤਾਂ ਸਮੇਤ ਲਾਹੌਰ ਤੋਂ ਮਾਧੋ ਕੀ ਬਰਾੜ (ਗੁ: ਗੁਰੂਸਰ ਸਾਹਿਬ) ਤੋਂ ਹੁੰਦੇ ਹੋਏ ਸ੍ਰੀ ਅੰਮ੍ਰਿਤਸਰ ਸਾਹਿਬ ਪੁੱਜੇ। ਸ੍ਰੀ ਅੰਮ੍ਰਿਤਸਰ ਸਾਹਿਬ ਪੁੱਜਣ ਤੇ (ਗੁ: ਕੌਲਸਰ ਸਾਹਿਬ) ਅਸਥਾਨ ਜਿਸ ਦਾ ਪੁਰਾਤਨ ਨਾਮ ਢੁੱਲਾਂ ਦੀ ਢਾਬ ਸੀ ਜਿੱਥੇ ਬੀਬੀ ਕੌਲਾਂ ਜੀ ਦਾ ਨਿਵਾਸ ਕਰਵਾਇਆ ਤੇ ਕੀ ਆਖਿਆ, ਬੇਫਿਕਰ ਹੋ ਕੇ ਗੁਰਬਾਣੀ ਪੜ੍ਹੋ। ਇੱਥੇ ਆਪ ਜੀ ਨੂੰ ਕੋਈ ਮੌਤ ਦਾ ਡਰ ਨਹੀਂ। ਲਿਖਿਆ ਹੈ, ਇੱਥੇ ਰਹਿ ਕੇ ਫਿਰ ਬੀਬੀ ਕੌਲਾਂ ਜੀ ਨੇ ਬਹੁਤ ਜਪ-ਤਪ, ਭਗਤੀ ਕੀਤੀ ਤੇ ਬੀਬੀ ਕੌਲਾਂ ਜੀ ਨੇ ਇੱਕ ਦਿਨ ਛੇਵੇਂ ਪਾਤਸ਼ਾਹ ਜੀ ਕੋਲੋਂ ਦੁਨਿਆਵੀ ਪੁੱਤਰ ਦੀ ਮੰਗ ਕੀਤੀ। ਕਵੀ ਭਾਈ ਸੰਤੋਖ ਸਿੰਘ ਜੀ ਨੇ ਇੰਝ ਲਿਖਿਆ ਹੈ ਕਿ ਜੇ ਮੈਂ ਵਿਆਹੀ ਹੁੰਦੀ, ਬਾਬਾ ਅਟੱਲ ਜੀ ਵੱਲ ਬੱਚੇ ਖੇਡ ਰਹੇ ਸੀ ਤੇ ਇੰਜ ਮੇਰੇ ਵੀ ਪੁੱਤਰ ਹੁੰਦਾ। ਛੇਵੇਂ ਪਾਤਸ਼ਾਹ ਜੀ ਨੇ ਗਿਆਨ ਦੇ ਨਾਲ ਉਸ ਖਾਹਸ਼ ਨੂੰ ਮਿਟਾ ਕੇ ਕੀ ਆਖਿਆ, ਦੁਨਿਆਵੀ ਪੁੱਤਰ ਦੀ ਯਾਦ ਤੇ ਦੋ-ਚਾਰ ਕੁੱਲਾਂ ਤੱਕ ਰਹਿੰਦੀ ਹੈ, ਕੌਲਾਂ ਜੀ। ਅਸੀਂ ਤੁਹਾਨੂੰ ਇਹੋ ਜਿਹਾ ਪੁੱਤਰ ਬਖਸ਼ਾਂਗੇ, ਜਿਸਦੇ ਸਦਕਾ ਰਹਿੰਦੀ ਦੁਨੀਆਂ ਤੱਕ ਤੁਹਾਡਾ ਨਾਮ ਰਹੇਗਾ। ਕਿਹੜਾ ਪੁੱਤਰ? ਨਾਲ ਹੀ ਬਾਬਾ ਬੁੱਢਾ ਸਾਹਿਬ ਜੀ ਨੂੰ ਬੁਲਾਇਆ ਤੇ ਆਖਿਆ ਜੀ, ਦੇਗ ਬਣਾਓ। ਅਰਦਾਸ ਕਰਕੇ ਟੱਕ ਲਗਾਓ। ਇੱਥੇ ਸਰੋਵਰ ਬਣਾਉਣਾ ਹੈ ਜਿਸ ਦਾ ਨਾਂ ਬੀਬੀ ਕੌਲਾਂ ਜੀ ਦੇ ਨਾਂ ਤੇ ਕੌਲਸਰ ਰੱਖਣਾ ਹੈ। ਆਹ ਪੁੱਤਰ ਸਦੀਆਂ ਤੱਕ। ਥੋੜ੍ਹਾ ਜਿਹਾ ਜ਼ਿਕਰ ਹੋਰ। ਵੇਖ ਲਓ, ਇਹੋ ਜਿਹਾ ਪੁੱਤਰ ਦਿਆਂਗੇ, ਸਦੀਆਂ ਤੱਕ ਰਹੇਗਾ। ਇੱਕ ਵਾਰੀ ਕਹਿ ਦਿਓ, ਗੁਰੂ ਘਰ ਕੌਣ ਹੈ :

*ਹਰਿ ਜੀਉ ਨਿਮਾਣਿਆ ਤੂ ਮਾਣੁ ॥*
*ਨਿਚੀਜਿਆ ਚੀਜ ਕਰੇ ਮੇਰਾ ਗੋਵਿੰਦੁ*
*ਤੇਰੀ ਕੁਦਰਤਿ ਕਉ ਕੁਰਬਾਣੁ ॥ ਰਹਾਉ ॥*

*(ਅੰਗ ੬੨੪)*

ਅਖੀਰਲਾ ਵੇਲਾ, ਬੀਬੀ ਕੌਲਾਂ ਜੀ ਦਾ ਤੇ ਮਹਾਰਾਜ ਜੀ ਨੇ ਅਖੀਰਲਾ ਵੇਲਾ ਜਾਣ ਕੇ ਬੀਬੀ ਕੌਲਾਂ ਜੀ ਨੂੰ ਕਰਤਾਰਪੁਰ ਭੇਜ ਦਿੱਤਾ। ਲਿਖਿਆ ਹੈ, ਬੀਬੀ ਵੀਰੋ ਜੀ ਦਾ ਵਿਆਹ ਸੀ। ਫਿਰ ਉੱਥੋਂ ਵਿਆਹ ਦਾ ਕਾਰਜ ਕਰਨ ਉਪਰੰਤ ਮਹਾਰਾਜ ਜੀ ਆਪ ਗਏ, ਕਰਤਾਰਪੁਰ। ਜਾ ਕੇ ਬੀਬੀ ਕੌਲਾਂ ਜੀ ਨੂੰ ਕੀ ਆਖਿਆ, ਗੰਗਸਰ। ਅੱਜ ਵੀ ਕਰਤਾਰਪੁਰ ਜਾਓਗੇ ਤੇ ਗੰਗਸਰ ਨਾਂ ਦਾ ਖੂਹ ਹੈ। ਆਖਿਆ, ਉੱਥੇ ਇਸ਼ਨਾਨ ਕਰੋ। ਸੁੱਚੇ ਬਸਤਰ ਪਹਿਨ ਕੇ ਜਿੱਥੇ ਦੀਵਾਨ ਲੱਗੇ ਸੀ, ਉੱਥੇ ਲਿਖਿਆ ਹੈ, ਥੰਮ੍ਹ ਸਾਹਿਬ। ਦੀਵਾਨ ਦੀ ਸਮਾਪਤੀ ਤੋਂ ਬਾਅਦ ਛੇਵੇਂ ਪਾਤਸ਼ਾਹ ਜੀ ਨੇ ਬੀਬੀ ਕੌਲਾਂ ਜੀ ਨੂੰ ਕੀ ਆਖਿਆ, ਬੜੇ ਧਿਆਨ ਨਾਲ ਸੁਣਨਾ। ਕੀ ਬਚਨ ਕੀਤਾ? ਆਪ ਜੀ ਦੀ ਉਮਰ ਕੇਵਲ ਚਾਰ ਘੜੀਆਂ ਬਾਕੀ ਰਹਿ ਗਈ ਹੈ।

*ਘਟ ਘਟ ਕੇ ਅੰਤਰ ਕੀ ਜਾਨਤ ॥*

*(ਚੌਪਈ ਸਾਹਿਬ)*

ਆਪ ਜੀ ਦੀ ਉਮਰ ਕੇਵਲ ਚਾਰ ਘੜੀਆਂ ਬਾਕੀ ਰਹਿ ਗਈ ਹੈ। ਲਫਜ਼ ਸੁਣਿਓ। ਕਵੀ ਭਾਈ ਸੰਤੋਖ ਸਿੰਘ ਜੀ ਨੇ ਸੂਰਜ ਪ੍ਰਕਾਸ਼ ਵਿੱਚ ਲਿਖਿਆ ਹੈ। ਛੇਵੇਂ ਪਾਤਸ਼ਾਹ ਜੀ ਕਹਿੰਦੇ, ਕੌਲਾਂ ਜੀ, ਸਰੀਰ ਮਿਥਿਆ ਹੈ। ਆਤਮਾ ਅਬਿਨਾਸ਼ੀ ਹੈ। ਆਪਣੇ ਆਤਮ ਸਰੂਪ ਵਿੱਚ ਬਿਰਤੀ ਜੋੜੋ ਜਿਸ ਕਰਕੇ ਤੁਹਾਡਾ ਜਨਮ ਮਰਨ ਮੁੱਕ ਜਾਵੇ। ਬੀਬੀ ਕੌਲਾਂ ਜੀ ਅੱਗੋਂ ਕੀ ਜਵਾਬ ਦਿੰਦੇ ਹਨ? ਜਿਵੇਂ ਤੁਸੀਂ ਬਚਨ ਕਰਦੇ ਹੋ, ਆਤਮ ਸਰੂਪ ਵਿੱਚ ਮੈਂ ਬਿਰਤੀ ਜੋੜਦੀ ਹਾਂ ਔਰ ਛੇਵੇਂ ਪਾਤਸ਼ਾਹ ਜੀ, ਮੇਰੇ ਸਭ ਤੋਂ ਵੱਡੇ ਭਾਗ ਇਹ ਹਨ ਕਿ ਮੈਨੂੰ ਆਪਣੇ ਅੰਤ ਵੇਲੇ, ਹੇ ਗੁਰੂ ਹਰਿਗੋਬਿੰਦ ਸਾਹਿਬ ਜੀ, ਆਪ ਜੀ ਦੇ ਸਾਹਮਣੇ ਦਰਸ਼ਨ ਹੋ ਰਹੇ ਹਨ। ਮੇਰਾ ਜਨਮ ਮਰਨ ਵੀ ਤੇਰੇ ਚਰਨਾਂ ਵਿੱਚ ਹੈ। ਮੇਰਾ ਸੱਚਖੰਡ ਵੀ ਇਹੀ ਹੈ। ਨੋਟ ਕਰਨਾ। ਮੇਰੀ ਆਤਮਾ ਸਰੂਪ ਵਿੱਚ ਬਿਰਤੀ ਤੇ ਮੇਰੇ ਵੱਡੇ ਭਾਗ, ਅੰਤ ਵੇਲੇ ਮੈਨੂੰ ਇੰਜ ਦਰਸ਼ਨ ਹੋ ਰਹੇ ਹਨ।

ਪੰਜ ਸਾਵਣ, 1685 ਬਿਕਰਮੀ ਨੂੰ ਛੇਵੇਂ ਪਾਤਸ਼ਾਹ ਜੀ ਦੇ ਚਰਨ ਨੇਤਰਾਂ ਵਿੱਚ ਵਸਾ ਕੇ, ਆਤਮ ਸਰੂਪ ਵਿੱਚ ਬਿਰਤੀ ਜੋੜੀ ਤੇ ਚਾਰ ਘੜੀਆਂ ਬਾਅਦ ਬੀਬੀ ਕੌਲਾਂ ਜੀ ਨੇ ਸਰੀਰ ਤਿਆਗ ਦਿੱਤਾ। ਇੱਕ ਦੋ ਗੱਲਾਂ ਜ਼ਰੂਰੀ ਹਨ। ਬੀਬੀ ਕੌਲਾਂ ਜੀ ਕਿੰਨੇ ਭਾਗਾਂ ਵਾਲੇ ਹੋਣਗੇ, ਪਹਿਲੀ ਗੱਲ, ਜਿਨ੍ਹਾਂ ਦਾ ਅਖੀਰਲਾ ਸਮਾਂ ਧੰਨ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਆਪ ਸੰਭਾਲਿਆ। ਇੱਕ ਮਾਤਾ ਭਾਗ ਭਰੀ ਜੀ ਹੋਏ ਹਨ ਛੇਵੇਂ ਪਾਤਸ਼ਾਹ ਜੀ ਵੇਲੇ ਉਨ੍ਹਾਂ ਦਾ ਵੀ ਅਖੀਰਲਾ ਵੇਲਾ ਛੇਵੇਂ ਪਾਤਸ਼ਾਹ ਜੀ ਨੇ ਆਪ ਸੰਭਾਲਿਆ। ਬਿਬਾਣ ਮੋਢੇ ਤੇ ਚੁੱਕਿਆ, ਛੇਵੇਂ ਪਾਤਸ਼ਾਹ ਜੀ ਨੇ। ਇੱਕ ਇਹ ਬੀਬੀ ਕੌਲਾਂ ਜੀ ਦਾ ਅਖੀਰਲਾ ਸਮਾਂ ਛੇਵੇਂ ਪਾਤਸ਼ਾਹ ਜੀ ਨੇ ਆਪ ਸੰਭਾਲਿਆ। ਦਾਸ ਹੈਰਾਨ ਹੋ ਗਿਆ ਪੜ੍ਹ ਕੇ, ਇਤਿਹਾਸ ਵਿੱਚ। ਇੱਕ ਦਿਨ ਨਹੀਂ, ਦੋ ਦਿਨ ਨਹੀਂ, ਪੰਜ ਦਿਨ ਨਹੀਂ, ਅੱਠ ਨਹੀਂ, ਚੋਲਾ ਬਦਲਣ ਤੋਂ ਬਾਅਦ ਬੀਬੀ ਕੌਲਾਂ ਜੀ ਦੇ, ਛੇਵੇਂ ਪਾਤਸ਼ਾਹ ਜੀ ਪੰਦਰਾਂ ਦਿਨ ਕਰਤਾਰਪੁਰ ਦੀਵਾਨ ਲਗਾਉਂਦੇ ਰਹੇ। ਪੰਦਰਾਂ ਦਿਨ ਕਥਾ ਕੀਰਤਨ ਹੁੰਦਾ ਰਿਹਾ, ਉਸ ਪਿਆਰ ਵਿੱਚ, ਉਸ ਸ਼ਰਧਾ ਵਿੱਚ, ਉਸ ਭਾਵਨਾ ਵਿੱਚ। ਪਹਿਲੀ ਗੱਲ ਤਾਂ ਇਹ ਤੇ ਦੂਜੀ ਗੱਲ ਸੁਣਿਓ। ਕਿੰਨਾ ਮਾਣ ਬਖਸ਼ਿਆ ਹੈ। ਇਹ ਤੁਹਾਨੂੰ ਵੀ ਪਤਾ ਹੈ, ਅੰਮ੍ਰਿਤਸਰ ਵਿੱਚ ਪੰਜ ਸਰੋਵਰ ਹਨ, ਉਨ੍ਹਾਂ ਪੰਜਾਂ ਸਰੋਵਰਾਂ ਵਿੱਚੋਂ ਇੱਕ ਸਰੋਵਰ ਜਿਹੜਾ ਸੰਤੋਖਸਰ, ਉਹ ਵੀ ਭਗਤ ਦੇ ਨਾਂ। ਇੱਕ ਕੌਲਸਰ, ਉਹ ਵੀ ਭਗਤ ਦੇ ਨਾਂ ਤੇ ਹੈ। ਅਤੇ ਸ੍ਰੀ ਕੌਲਸਰ ਸਾਹਿਬ ਜਦੋਂ ਟੱਕ ਲੱਗਣ ਤੋਂ ਬਾਅਦ ਸਰੋਵਰ ਬਣ ਗਿਆ, ਜਲ ਪਾ ਦਿੱਤਾ ਗਿਆ, ਕਿੰਨਾ ਮਾਣ ਬੀਬੀ ਕੌਲਾਂ ਜੀ ਨੂੰ ਛੇਵੇਂ ਪਾਤਸ਼ਾਹ ਜੀ ਨੇ ਬਖਸ਼ਿਆ, ਗਿਆਨੀ ਗਿਆਨ ਸਿੰਘ ਜੀ, ਕਵੀ ਭਾਈ ਸੰਤੋਖ ਸਿੰਘ ਜੀ ਨੇ ਲਿਖਿਆ ਹੈ, ਛੇਵੇਂ ਪਾਤਸ਼ਾਹ ਜੀ ਨੇ ਬਚਨ ਕੀਤਾ, ਇਸ ਸਰੋਵਰ ਵਿੱਚ ਜਿਹੜਾ ਇਸ਼ਨਾਨ

ਕਰਕੇ, ਅੰਮ੍ਰਿਤ ਸਰੋਵਰ ਵਿੱਚ ਇਸ਼ਨਾਨ ਕਰੇਗਾ, ਉਸ ਦੀ ਤਨ ਅਤੇ ਮਨ ਦੀ ਮੈਲ ਕੱਟੀ ਜਾਵੇਗੀ ਤੇ ਉਸ ਦੀ ਯਾਤਰਾ ਸਫਲ ਹੋਵੇਗੀ।

ਪ੍ਰਿੰਸੀਪਲ ਸਤਿਬੀਰ ਸਿੰਘ ਜੀ ਨੇ ਲਿਖਿਆ ਹੈ ਕਿ ਕੌਲ ਦਾ ਅਰਥ ਹੈ, ਕੌਲ ਦੀ ਪੱਕੀ ਹੋਣਾ। ਜੋ ਕੌਲ ਕੀਤਾ, ਉਸ ਵਿੱਚ ਪੱਕੇ ਰਹਿਣਾ, ਬਚਨ ਵਿੱਚ ਪੱਕੇ ਰਹਿਣਾ। ਕਹਿੰਦੇ, ਕੌਲਾਂ ਨਾਂ ਇੰਨਾ ਮਹਾਨ ਹੈ, ਕੌਲ ਦੀ ਪੱਕੀ ਹੋਣਾ, ਇਸ ਵਿੱਚੋਂ ਖੁਸ਼ਬੂ ਆਉਣੀ। ਪ੍ਰਿੰਸੀਪਲ ਸਤਿਬੀਰ ਸਿੰਘ ਜੀ ਨੇ ਪੰਜਵੀਂ ਗੱਲ ਇਹ ਲਿਖੀ ਹੈ, ਕਹਿੰਦੇ, ਕੌਲ ਦਾ ਅਰਥ ਹੈ, ਨਿਰਲੇਪਤਾ। ਕਮਲ ਦਾ ਫੁੱਲ ਪਾਣੀ ਤੋਂ ਨਿਰਲੇਪ ਰਹਿੰਦਾ ਹੈ। ਰਹਿੰਦਾ ਪਾਣੀ ਵਿੱਚ ਹੈ, ਉਸ ਨਾਲ ਤੁਲਨਾ ਕੀਤੀ ਹੈ। ਕਹਿੰਦੇ, ਕੌਲਾਂ ਦਾ ਅਰਥ ਹੈ, ਨਿਰਲੇਪਤਾ, ਪਵਿੱਤਰਤਾ ਤੇ ਉਪਰਾਮਤਾ। ਪ੍ਰਿੰਸੀਪਲ ਸਤਿਬੀਰ ਸਿੰਘ ਜੀ ਨੇ ਲਿਖਿਆ ਹੈ, ਬੀਬੀ ਕੌਲਾਂ ਜੀ ਦੇ ਨਾਮ ਵਰਗੇ ਇਨ੍ਹਾਂ ਸਾਰੇ ਗੁਣਾਂ ਦੇ ਉਨ੍ਹਾਂ ਦੇ ਜੀਵਨ ਵਿੱਚੋਂ ਦਰਸ਼ਨ ਹੁੰਦੇ ਸਨ। ਨਿਰਲੇਪਤਾ ਦੇ ਵੀ, ਪਵਿੱਤਰਤਾ ਦੇ ਵੀ ਤੇ ਉਪਰਾਮਤਮਾ ਦੇ ਵੀ। ਬੀਬੀ ਕੌਲਾਂ ਜੀ ਦੇ ਜੀਵਨ ਤੇ ਗੁਰੂ ਸਾਹਿਬ ਨੇ ਵਿਚਾਰ ਸਾਂਝੇ ਕਰਵਾਏ ਹਨ। ਬਹੁਤ ਸੰਗਤਾਂ ਦਾ ਮਨ ਵੀ ਸੀ ਕਿ ਅਸੀਂ ਬੀਬੀ ਕੌਲਾਂ ਜੀ ਦਾ ਇਤਿਹਾਸ ਸੁਣਿਆ ਨਹੀਂ, ਹੈ ਕੀ ਹੈ। ਸਾਰਾ ਤਾਂ ਨਹੀਂ ਲਿਆ ਗਿਆ। ਜਿੰਨਾ ਵੀ ਲਿਆ ਗਿਆ, ਇਹ ਕਿਵੇਂ ਛੇਵੇਂ ਪਾਤਸ਼ਾਹ ਜੀ ਨੇ ਨਿਆਸਰਿਆਂ ਨੂੰ ਸ਼ਰਨ ਦਿੱਤੀ, ਆਸਰਾ ਦਿੱਤਾ। ਕਿੰਨਾ ਮਾਣ ਦਿੱਤਾ, ਪੰਜਾਂ ਸਰੋਵਰਾਂ ਵਿੱਚੋਂ ਇੱਕ ਸਰੋਵਰ ਉਨ੍ਹਾਂ ਦੇ ਨਾਂ ਤੇ, ਕੌਲਸਰ। ਗੁਰੂ ਨਾਨਕ ਮਹਾਰਾਜ ਦਾ ਘਰ ਹੈ ਜਿੱਥੇ ਬੀਬੀਆਂ ਨੂੰ ਇੰਨਾ ਮਾਣ ਦਿੱਤਾ ਜਾਂਦਾ ਹੈ। *ਇੱਕ ਸਰੋਵਰ ਹੀ ਬੀਬੀ ਜੀ ਦੇ ਨਾਂ ਤੇ ਇਹ ਕਹਿਣਾ ਕਿ ਇੱਥੇ ਇਸ਼ਨਾਨ ਕਰਕੇ ਅੰਮ੍ਰਿਤ ਸਰੋਵਰ ਵਿੱਚ ਇਸ਼ਨਾਨ ਕਰੋ, ਉਸ ਦੀ ਯਾਤਰਾ ਸਫਲ।* ਆਓ, ਇਹ ਪੰਕਤੀਆਂ ਇੱਕ ਵਾਰੀ ਅੰਦਰੋਂ ਪੜ੍ਹੋ, ਕੋਈ ਵਾਂਝਾ ਨਾ ਰਹੇ, ਸਾਰੇ ਕਿਰਪਾ ਕਰਿਓ ਜੀ :

*ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥*

*(ਅੰਗ ੪੭੩)*

ਇਸ ਅੰਕ ਵਿੱਚ ਆਪ ਜੀ ਨੇ "ਸਿੱਖ ਪੰਥ ਦੀਆਂ ਸਤਿਕਾਰਤ ਬੀਬੀਆਂ" ਦੇ ਪ੍ਰਕਰਣ 'ਚੋਂ ਭਾਗ ਨੌਵਾਂ- ਧੰਨ ਧੰਨ ਬੀਬੀ ਕੌਲਾਂ ਜੀ, ਜਿਨ੍ਹਾਂ ਦੇ ਜੀਵਨ ਦੇ ਕੁਝ ਅੰਸ਼ਾਂ ਦੀ ਸੇਵਾ ਲਈ ਹੈ। ਅਗਲੇ ਐਡੀਸ਼ਨ ਵਿੱਚ ਦਸਵਾਂ ਭਾਗ- ਧੰਨ ਧੰਨ ਬੀਬੀ ਦੇਸਾਂ ਜੀ ਦੇ ਜੀਵਨ ਬਾਰੇ ਸਤਿਗੁਰੂ ਜੀ ਵਿਚਾਰਾਂ ਸਾਂਝੀਆਂ ਕਰਵਾਉਣ ਜੀ।

---

**ਸਿਫਤਿ ਸਾਲਾਹ ਪੜ੍ਹੋ** | **ਮੈਨੂੰ ਜ਼ਰੂਰ ਪੜ੍ਹੋ** | **ਸਿਫਤਿ ਸਾਲਾਹ ਕਰੋ**

ਸਿਫਤਿ ਸਾਲਾਹ ਦੇ ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਗੁਰੂ ਸਾਹਿਬ ਜੀ ਦੀ ਕਿਰਪਾ ਨਾਲ ਪਿਛਲੇ 22 ਸਾਲਾਂ ਤੋਂ ਸਿਫਤਿ ਸਾਲਾਹ ਨਿਰੋਲ ਧਾਰਮਿਕ ਰਸਾਲਾ ਬੀਬੀ ਕੌਲਾਂ ਜੀ ਭਲਾਈ ਕੇਂਦਰ ਟਰੱਸਟ ਵੱਲੋਂ ਛਾਪ ਕੇ ਸੰਗਤਾਂ ਦੇ ਘਰ-ਘਰ ਪਹੁੰਚਾਇਆ ਜਾ ਰਿਹਾ ਹੈ। ਸਿਫਤਿ ਸਾਲਾਹ ਦੀ ਛਪਾਈ ਤੋਂ ਲੈ ਕੇ ਪੋਸਟ ਕਰਨ ਤੱਕ ਦੇ ਖਰਚੇ ਵੱਧ ਜਾਣ ਕਰਕੇ ਰਸਾਲੇ ਦੇ ਚੰਦੇ ਵਿੱਚ ਵਾਧਾ ਕੀਤਾ ਜਾ ਰਿਹਾ ਹੈ। ਸਾਨੂੰ ਆਸ ਹੈ ਕਿ ਆਪ ਸੰਗਤਾਂ ਅਸੀਸ ਬਖਸ਼ ਕੇ ਇਸੇ ਤਰ੍ਹਾਂ ਅਗਾਂਹ ਵੀ ਸਹਿਯੋਗ ਬਖਸ਼ੋਗੇ। ਰਸਾਲੇ ਦੇ ਚੰਦਾ ਹੁਣ ਇਸ ਪ੍ਰਕਾਰ ਹੈ ਜੀ। ਵਧੇਰੇ ਜਾਣਕਾਰੀ ਲਈ ਸੰਪਰਕ ਨੰ. 98765-25850

| ਚੰਦਾ | ਦੇਸ਼ | ਵਿਦੇਸ਼ |
|---|---|---|
| ਇੱਕ ਸਾਲ | 150/- | 1200/- |
| ਦੋ ਸਾਲ | 300/- | 2400/- |
| ਪੰਜ ਸਾਲ | 600/- | 4800/- |
| ਲਾਈਫ | 2400/- | 19200/- |

ਸਵਾਲ ਜਵਾਬ

# ਜ਼ਿੰਦਗੀ ਦੀਆਂ ਬਰੀਕੀਆਂ

ਪਿਆਰੇ ਪਾਠਕੋ, ਕਈ ਵਾਰ ਸੰਗਤਾਂ ਆਪਣੇ ਮਨ ਦੇ ਵਿਚਾਰ ਜਾਂ ਪਰਮਾਰਥ ਦੇ ਰਾਹ ਤੇ ਚੱਲਣ ਲਈ ਅਹਿਮ ਸਵਾਲ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਨਾਲ ਸਾਂਝੇ ਕਰਦੀਆਂ ਰਹਿੰਦੀਆਂ ਹਨ। ਗੁਰੂ ਸਾਹਿਬ ਦੀ ਕ੍ਰਿਪਾ ਨਾਲ ਇਨ੍ਹਾਂ ਸਵਾਲਾਂ ਜਵਾਬਾਂ ਨੂੰ ਪਿਛਲੇ ਕਾਫ਼ੀ ਸਮੇਂ ਤੋਂ ਲੜੀਵਾਰ ਸਿਫਤਿ ਸਾਲਾਹ ਰਸਾਲੇ ਵਿੱਚ ਛਾਪਿਆ ਜਾ ਰਿਹਾ ਹੈ ਕਿਉਂਕਿ ਤਕਰੀਬਨ ਹਰ ਇਕ ਜਗਿਆਸੂ ਨੂੰ ਇਨ੍ਹਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਕੀ ਪਤਾ ਕਿਸ ਨੂੰ ਆਪਣਾ ਜਵਾਬ ਇਸ ਵਿੱਚੋਂ ਪ੍ਰਾਪਤ ਹੋ ਜਾਵੇ ਤੇ ਜ਼ਿੰਦਗੀ ਦੀਆਂ ਬਰੀਕੀਆਂ ਨਿਕਲ ਜਾਣ। ਪਿਛਲੇ ਅੰਕਾਂ ਵਿੱਚ 468 ਸਵਾਲਾਂ ਦੇ ਜਵਾਬ ਦਿੱਤੇ ਗਏ ਸਨ। ਗੁਰੂ ਸਾਹਿਬ ਜੀ ਦੀ ਕਿਰਪਾ ਨਾਲ ਲੜੀ ਅੱਗੇ ਤੋਰ ਰਹੇ ਹਾਂ ਜੀ। ਅਸੀਂ ਧੰਨਵਾਦੀ ਹਾਂ ਸਮੂਹ ਸੰਗਤਾਂ ਦੇ ਜਿਨ੍ਹਾਂ ਨੇ ਇਹ ਉੱਦਮ ਉਪਰਾਲਾ ਕੀਤਾ ਹੈ।

*—ਬੀਬੀ ਜਤਿੰਦਰ ਕੌਰ (ਜੋਤੀ ਦਾਰਾ ਭੈਣ ਜੀ, ਅਮਰੀਕਾ ਵਾਲੇ)*

*ਲੜੀ ਜੋੜਨ ਲਈ ਪਿਛਲਾ ਅੰਕ ਦੇਖੋ ਜੀ :-*

**469. ਸਵਾਲ :** ਸਤਿਕਾਰਯੋਗ ਵੀਰ ਜੀ, ਪੂਰਨ ਸੰਤ ਦੀਆਂ ਕੀ ਨਿਸ਼ਾਨੀਆਂ ਹਨ?

**ਜਵਾਬ :** ਪਹਿਲੀ ਨਿਸ਼ਾਨੀ ਵਿੱਚ ਤਿੰਨ ਬਚਨ ਕੀਤੇ ਸਾਈਂ ਮੀਆਂ ਮੀਰ ਜੀ ਨੇ। ਕਹਿੰਦੇ, ***"ਜਿਹੜਾ ਪੂਰਨ ਸੰਤ ਹੈ ਉਹ ਸਾਰੇ ਵਿਕਾਰਾਂ ਨੂੰ, ਵਾਸ਼ਨਾਵਾਂ ਨੂੰ ਅਤੇ ਸਾਰੀਆਂ ਚਾਹਤਾਂ ਨੂੰ ਖਤਮ ਕਰ ਲੈਂਦਾ ਹੈ।"*** ਸੰਗਤ ਜੀ ਪਿਛਲੇ ਅੰਕ ਵਿੱਚ ਆਪ ਜੀ ਨੇ ਪੂਰਨ ਸੰਤ ਦੀ ਪਹਿਲੀ ਨਿਸ਼ਾਨੀ ਦੀ ਵਿਚਾਰ ਪੜ੍ਹੀ ਸੀ। ਹੁਣ ਇਸ ਅੰਕ ਵਿੱਚ ਸਤਿਗੁਰੂ ਜੀ ਪੂਰਨ ਸੰਤ ਦੀਆਂ ਬਾਕੀ ਦੀਆਂ ਨਿਸ਼ਾਨੀਆਂ ਬਾਰੇ ਵਿਚਾਰਾਂ ਸਾਂਝੀਆਂ ਕਰਵਾਉਣ।

### *ਪੂਰਨ ਸੰਤ ਦੀ ਦੂਸਰੀ ਨਿਸ਼ਾਨੀ :*

***ਪੂਰਨ ਸੰਤ ਜਗਤ ਵਿੱਚ ਮੁਰਦੇ ਵਾਂਗ ਰਹਿੰਦਾ ਹੈ।*** ਜਿੱਥੇ ਜਗਤ ਵਿੱਚ ਮੁਰਦੇ ਸਮਾਨ ਰਹਿਣ ਦੀ ਅਵਸਥਾ ਆ ਜਾਵੇ ਫਿਰ ਉਹ ਆਪਣੇ ਆਪ ਨੂੰ ਮੁਸਾਫਰ ਸਮਝਦਾ ਹੈ। ਉਹ ਜ਼ਿੰਦਗੀ ਵਿੱਚ ਬਹੁਤੇ ਖਲ੍ਹੇਰੇ ਨਹੀਂ ਪਾਉਂਦਾ, ਦੁਨੀਆਂ ਵਿੱਚ ਰਹਿੰਦਿਆਂ ਹੋਇਆਂ ਤ੍ਰਿਸ਼ਨਾਵਾਂ ਤੋਂ ਦੂਰ ਰਹਿੰਦਾ ਹੈ, ਦੁਨਿਆਵੀਂ ਪਦਾਰਥਾਂ ਤੋਂ ਕਿਨਾਰਾ ਰੱਖਦਾ ਹੈ। ਉਹ ਮੁਰਦੇ ਵਾਂਗ ਜੀਵਨ ਬਤੀਤ ਕਰਦਾ ਹੈ ਕਿ ਮੈਂ ਹੁਣ ਚਲੇ ਤਾਂ ਜਾਣਾ ਹੀ ਹੈ, ਬਹੁਤੀ ਮਾਇਆ ਇਕੱਠੀ ਕਰਕੇ ਕੀ ਲੈਣਾ ਹੈ? ਜਗਤ ਵਿੱਚ ਰਹਿੰਦਿਆਂ ਹੋਇਆਂ ਆਪਣੇ ਆਪ ਨੂੰ ਮੁਰਦਾ ਸਮਝ ਲੈਣਾ ਇਹ ਬੜੀ ਵੱਡੀ ਅਵਸਥਾ ਹੈ। ਵਿਚਾਰ ਪੂਰਨ ਸੰਤ ਦੀਆਂ ਨਿਸ਼ਾਨੀਆਂ ਤੇ ਚੱਲ ਰਹੀ ਹੈ ਪਰ ਗ੍ਰਹਿਸਥੀ ਨੇ ਵੀ ਇੱਥੋਂ ਸੇਧ ਲੈਣੀ ਹੈ। ਜੇ ਇਹ ਕਿਨਕਾ ਕਿਤੇ ਝੋਲੀ ਵਿੱਚ ਪੈ ਜਾਵੇ ਤਾਂ ਤੁਹਾਡੇ ਬਹੁਤ ਸਾਰੇ ਮਸਲੇ ਸਹਿਜ-ਸੁਭਾਅ ਹੱਲ ਹੋ ਜਾਣਗੇ। ਬਹੁਤ ਸਾਰੇ ਝੰਜਟ ਖਤਮ ਹੋ ਜਾਣਗੇ। ਕਦੀ ਨੋਟ ਕਰਿਓ, ਜਿਸ ਨੇ ਆਪਣੇ ਆਪ ਨੂੰ ਮੁਰਦਾ ਸਮਝ ਲਿਆ, ਉਹ ਸੋਚਦਾ ਹੈ ਕਿ ਇੱਕ ਢਾਈ ਗਿੱਠ ਦਾ ਸਵਾਸ ਜੋ ਅੰਦਰ ਗਿਆ ਹੈ ਪਤਾ ਨਹੀਂ ਇਹ ਸਵਾਸ ਬਾਹਰ ਆਉਣਾ ਵੀ ਹੈ ਕਿ ਨਹੀਂ ਫਿਰ ਕੀ ਲੋੜ ਹੈ ਬਹੁਤੇ ਖਲ੍ਹੇਰੇ ਪਾਉਣ ਦੀ? ਫਿਰ ਕੀ ਲੋੜ ਹੈ ਕਿਸੇ ਦੀ ਨਿੰਦਿਆ ਕਰਨ ਦੀ? ਇਹ ਪੂਰਨ ਸੰਤ ਦੀ ਦੂਸਰੀ ਨਿਸ਼ਾਨੀ ਹੈ ਕਿ ਉਹ ਜਗਤ ਵਿੱਚ ਮੁਰਦੇ ਵਾਂਗ ਰਹਿੰਦਾ ਹੈ। ਧੰਨ ਸ੍ਰੀ ਗੁਰੂ ਅੰਗਦ ਦੇਵ ਜੀ ਮਹਾਰਾਜ ਵੀ ਇਸ ਬਾਰੇ ਸੇਧ ਬਖਸ਼ਦੇ ਹਨ :

*ਸਲੋਕੁ ਮ: ੨ ॥*
*ਜਿਨੀ ਚਲਣੁ ਜਾਣਿਆ ਸੇ ਕਿਉ ਕਰਹਿ ਵਿਥਾਰ ॥*
*(ਅੰਗ ੭੮੭)*

ਭਾਈ ਗੁਰਦਾਸ ਜੀ ਇਸ ਨਿਸ਼ਾਨੀ ਨੂੰ ਹੋਰ ਖੋਲ੍ਹਦੇ ਹੋਏ ਸਮਝਾਉਂਦੇ ਹਨ :

*ਮੁਰਦਾ ਹੋਇ ਮੁਰੀਦੁ ਨ ਗਲੀ ਹੋਵਣਾ ।*
*(ਵਾਰ : ੩, ਪਉੜੀ ੧੮)*

ਜਿਵੇਂ ਮੁਰਦੇ ਅੱਗੇ ਕੋਈ ਖੁਸ਼ੀ ਜਾਂ ਗਮੀ ਦੀ ਗੱਲ ਸਾਹਮਣੇ ਰੱਖ ਦੇਈਏ ਤੇ ਉਹ ਇੱਕ ਸਮਾਨ ਰਹਿੰਦਾ ਹੈ, ਉਸ ਨੂੰ ਕੋਈ ਫਰਕ ਨਹੀਂ ਪੈਂਦਾ ਇਵੇਂ ਪੂਰਨ ਸੰਤ ਵੀ ਸਾਰੀਆਂ ਹਾਲਤਾਂ ਵਿੱਚ ਇੱਕ ਸਮਾਨ ਰਹਿੰਦਾ ਹੈ। ਮੁਰਦੇ ਰਹਿਣ ਤੋਂ ਭਾਵ ਉਸਨੇ ਆਪਣੇ ਮਨ ਨੂੰ ਸੰਸਾਰਕ ਮੋਹ ਮਾਇਆ ਤੋਂ ਦੂਰ ਕਰ ਲਿਆ ਹੈ। ਇਹ ਪੂਰਨ ਸੰਤ ਦੀ ਦੂਸਰੀ ਨਿਸ਼ਾਨੀ, ਪੂਰਨ ਸੰਤ ਜਗਤ ਵਿੱਚ ਮੁਰਦੇ ਵਾਂਗ ਰਹਿੰਦਾ ਹੈ।

## *ਪੂਰਨ ਸੰਤ ਦੀ ਤੀਸਰੀ ਨਿਸ਼ਾਨੀ :*

***ਪੂਰਨ ਸੰਤ ਦਾ ਜੀਵਨ ਨਿਸ਼ਕਾਮ ਹੋ ਜਾਂਦਾ ਹੈ ।*** ਇਹ ਪਤਾ ਕਿਵੇਂ ਲੱਗੇ ਕਿ ਸਾਡੀ ਜ਼ਿੰਦਗੀ ਵਿੱਚ ਵੀ ਨਿਸ਼ਕਾਮਤਾ ਆਈ ਹੈ ਜਾਂ ਨਹੀਂ? ਅੱਜ ਮੰਨ ਲਓ ਤੁਸੀਂ ਕਿਸੇ ਦਾ ਕੰਮ ਸੰਵਾਰ ਦਿੱਤਾ ਹੈ ਤੇ ਨਾਲ ਹੀ ਤੁਸੀਂ ਸੋਚੋ ਕਿ ਹੁਣ ਇਸਦੇ ਬਦਲੇ ਇਹਦੇ ਕੋਲੋਂ ਫਲਾਣਾ ਕੰਮ ਲੈਣਾ ਹੈ। ਇਹ ਨਿਸ਼ਕਾਮਤਾ ਨਹੀਂ ਇਹ ਤਾਂ ਸਵਾਰਥੀ ਪੁਣਾ ਹੈ। ਮਹਾਂਪੁਰਖਾਂ ਦਾ ਬਚਨ ਹੈ- ਨੇਕੀ ਕਰਕੇ ਭੁੱਲ ਜਾਓ। ਤੁਹਾਡੇ ਵਿੱਚੋਂ ਕਈ ਸਰੀਰ ਨੌਕਰੀਆਂ ਕਰਦੇ ਹਨ, ਹੁਣ ਤੁਸੀਂ ਸੋਚੋ ਕਿ ਅਸੀਂ ਤੇ ਨੌਕਰੀ ਕਰਕੇ ਤਨਖਾਹ ਲੈਂਦੇ ਹਾਂ ਸਾਡੇ ਵਿੱਚ ਨਿਸ਼ਕਾਮਤਾ ਕਿਵੇਂ ਆ ਸਕਦੀ ਹੈ?

ਬਾਬਾ ਨੰਦ ਸਿੰਘ ਜੀ ਬਚਨ ਕਰਦੇ ਸਨ ਕਿ ਕੋਈ ਜਿੰਨੀ ਵੀ ਤਨਖਾਹ ਲੈਂਦਾ ਹੈ, ਮਾਲਕ ਨੂੰ ਤਨਖਾਹ ਤੋਂ ਵੱਧ ਕੰਮ ਕਰਕੇ ਦਿੰਦਾ ਹੈ ਤੇ ਇਹ ਉਸਦੀ ਨਿਸ਼ਕਾਮਤਾ ਹੀ ਹੈ। ਬਾਬਾ ਨੰਦ ਸਿੰਘ ਜੀ ਕੋਲ ਇੱਕ ਮਿਸਤਰੀ ਆਇਆ ਤੇ ਆ ਕੇ ਕਹਿੰਦਾ ਬਾਬਾ ਜੀ ਮੇਰੇ ਘਰ ਵਿੱਚ ਸ਼ਾਂਤੀ ਨਹੀਂ। ਬਾਬਾ ਜੀ ਕਹਿੰਦੇ, ਕਿੰਨੀ ਦਿਹਾੜੀ ਲੈਂਦਾ ਹੈ? ਕਹਿੰਦਾ, ਜੀ 12 ਆਨੇ। ਬਾਬਾ ਜੀ ਕਹਿੰਦੇ, ਮਾਲਕ ਨੂੰ ਕੰਮ 14 ਆਨੇ ਦਾ ਕਰਕੇ ਦਿਆ ਕਰ, ਸ਼ਾਂਤੀ ਆਪੇ ਹੀ ਆ ਜਾਵੇਗੀ ਦਿਹਾੜੀਦਾਰ ਦੀ ਤੇ ਸਰਵਿਸ ਵਾਲੇ ਦੀ ਇਹ ਨਿਸ਼ਕਾਮਤਾ ਹੈ, ਦਾਸ ਗੁਰੂ ਦੀ ਕਿਰਪਾ ਨਾਲ ਕਹਿ ਰਿਹਾ ਹੈ ਜਿਹੜਾ ਆਪਣੇ ਮਾਲਕ ਨੂੰ ਆਪਣੀ ਤਨਖਾਹ ਤੋਂ ਵੱਧ ਕੰਮ ਕਰਕੇ ਦਿੰਦਾ ਹੈ ਉਸਦੇ ਬੱਚਿਆਂ ਦੀ ਬੁੱਧੀ ਵਿਗੜਦੀ ਨਹੀਂ ਸਹੀ ਰਹਿੰਦੀ ਹੈ।

ਕਾਫ਼ੀ ਸਾਲ ਪੁਰਾਣੀ ਗੱਲ ਹੈ ਕਿ ਇੱਕ ਬੀਬੀ ਸੰਗਤ ਵਿੱਚ ਨਵਾਂ-ਨਵਾਂ ਆਉਣਾ ਸ਼ੁਰੂ ਹੋਈ ਉਹ ਸਰਕਾਰੀ ਸਕੂਲ ਵਿੱਚ ਟੀਚਰ ਸੀ। ਦਾਸ ਨੇ ਉਸ ਬੀਬੀ ਨੂੰ ਪੁੱਛਿਆ ਕਿ ਕਿੰਨੀ ਸੈਲਰੀ ਹੈ ਤੁਹਾਡੀ, ਕਹਿੰਦੀ ਜੀ ਅਠਾਰ੍ਹਾਂ ਹਜ਼ਾਰ ਰੁਪਏ। ਅੱਗੋਂ ਫਿਰ ਦਾਸ ਨੇ ਕਿਹਾ ਸੱਚ ਦੱਸਿਓ ਬੱਚਿਆਂ ਨੂੰ ਕਿੰਨੇ ਦਿਨ ਪੜ੍ਹਾਉਂਦੇ ਹੋ ਸਾਲ ਵਿੱਚ। ਉਹ ਕਹਿਣ ਲੱਗੀ ਜੀ, ਮਹੀਨਾ ਸਵਾ ਮਹੀਨਾ। ਦਾਸ ਨੇ ਕਿਹਾ ਕਿ ਬਾਕੀ ਟਾਈਮ ਕਹਿੰਦੀ ਪਿੰਡ ਵਿੱਚ ਨੌਕਰੀ ਹੈ, ਪਿੰਡਾਂ ਦੇ ਬੱਚੇ ਹਨ, ਕਿਹੜਾ ਕੋਈ ਪੁੱਛਦਾ ਹੈ। ਕਹਿੰਦੀ ਬੱਚਿਆਂ ਕੋਲੋਂ ਘਰ ਵਾਸਤੇ ਕਦੀ ਕੁਝ ਮੰਗਵਾ ਲਿਆ ਤੇ ਕਦੀ ਕੁਝ। ਇੰਝ ਹੀ ਦਿਨ ਬਤੀਤ ਹੋ ਜਾਂਦੇ ਹਨ ਜਦੋਂ ਪੇਪਰਾਂ ਦੇ ਦਿਨ ਨੇੜੇ ਆਉਂਦੇ ਹਨ ਉਦੋਂ ਬੱਚਿਆਂ ਕੋਲੋਂ ਮਿਹਨਤ ਕਰਵਾ ਲਈਦੀ ਹੈ। ਫਿਰ ਦਾਸ ਨੇ ਪੁੱਛਿਆ ਇਹ ਕਿਉਂ? ਕਹਿੰਦੇ, ਸਰਕਾਰੀ ਸਕੂਲ ਹੈ, ਕਿਹੜਾ ਕੋਈ ਵੇਖਦਾ ਪਿਆ ਹੈ। ਦਾਸ ਨੇ ਉਸ ਟੀਚਰ ਨੂੰ ਫਿਰ ਬੇਨਤੀ ਕੀਤੀ ਕਿ ਸਰਕਾਰ ਵੇਖੇ ਜਾਂ ਨਾ ਵੇਖੇ ਪਰ ਗੁਰੂ ਨਾਨਕ ਸਾਹਿਬ ਵੇਖ ਰਹੇ ਹਨ। ਤੁਹਾਡੇ ਘਰ 18000/- ਰੁਪਏ ਆ ਰਹੇ ਹਨ ਭਾਂਵੇਂ ਤੁਸੀਂ ਸਰਕਾਰੀ ਟੀਚਰ ਹੋ ਪਰ ਜਿਹੜੇ 30-40 ਬੱਚੇ ਤੁਹਾਡੀ ਕਲਾਸ ਵਿੱਚ ਪੜ੍ਹ ਰਹੇ ਹਨ ਤੁਸੀਂ ਇੰਨੀ ਸਖ਼ਤ ਮਿਹਨਤ ਕਰੋ ਕਿ ਇਨ੍ਹਾਂ ਬੱਚਿਆਂ ਦੇ ਜੀਵਨ ਵਿੱਚ ਚੰਗੇ ਗੁਣ ਆ ਜਾਣ। ਇਹ

ਬੜੀ ਵੱਡੀ ਡਿਊਟੀ ਹੁੰਦੀ ਹੈ ਟੀਚਰ ਦੀ। ਹੁਣ ਇੱਕ ਅਨਜਾਣ ਬੱਚੇ ਨੂੰ ਕੀ ਪਤਾ ਕਿ ਨੀਲਾ ਰੰਗ ਕਿਹੜਾ ਹੈ, ਲਾਲ ਰੰਗ ਕਿਹੜਾ ਹੈ। ਇਹ ਪਛਾਣ ਕਰਨ ਦਾ ਗੁਣ ਟੀਚਰ ਹੀ ਉਸ ਵਿੱਚ ਪਾਉਂਦੀ ਹੈ। ਛੋਟੇ ਬੱਚੇ ਨੂੰ ਕੀ ਪਤਾ ਹੈ ਕਿਹੜਾ ਨੋਟ ਪੰਜ ਦਾ ਕਿਹੜਾ ਦਸ ਦਾ। ਟੀਚਰ ਬੱਚਿਆਂ ਦੀ ਦੁਨਿਆਵੀ ਅਗਵਾਈ ਕਰਨ ਵਾਲੀ ਹੈ ਤੇ ਉਹ ਬੱਚਿਆਂ ਦੇ ਦਿਮਾਗ ਵਿੱਚ ਇਹ ਗੁਣ ਪਾਉਂਦੀ ਹੈ। ਹੁਣ ਢਾਈ ਸਾਲ ਦੇ ਬੱਚੇ ਨੂੰ ਕੀ ਪਤਾ ਘੜੀ ਤੇ ਟਾਈਮ ਕੀ ਹੋਇਆ ਹੈ ਟੀਚਰ ਦੀ ਬੜੀ ਵੱਡੀ ਡਿਊਟੀ ਹੈ ਇਹ ਵੀ ਭਗਤੀ ਹੈ, ਇਹ ਨਾ ਦੇਖੋ ਕੋਈ ਦੇਖ ਰਿਹਾ ਹੈ ਜਾਂ ਨਹੀਂ ਮਨ ਭੈਅ ਵਿੱਚ ਰੱਖੋ ਮੇਰਾ ਗੁਰੂ ਨਾਨਕ ਦੇਖ ਰਿਹਾ ਹੈ। ਇਹ ਦੇਖੋ ਜਿਹੜੇ 30-40 ਬੱਚੇ ਮੇਰੇ ਹਿੱਸੇ ਆਏ ਹਨ ਇਨ੍ਹਾਂ ਦਾ ਜੀਵਨ ਬਨਾਉਣ ਦੀ ਮੇਰੀ ਡਿਊਟੀ ਲੱਗੀ ਹੈ ਆਪਣੀ ਪੇਅ ਤੋਂ ਵੱਧ ਮਾਲਕ ਨੂੰ ਕੰਮ ਕਰਕੇ ਦੇਣਾ ਇਹ ਨਿਸ਼ਕਾਮਤਾ ਹੈ ਇਹ ਪੂਰਨ ਸੰਤ ਦੀ ਤੀਸਰੀ ਨਿਸ਼ਾਨੀ ਉਸਦਾ ਜੀਵਨ ਨਿਸ਼ਕਾਮ ਹੁੰਦਾ ਹੈ।

## *ਪੂਰਨ ਸੰਤ ਦੀ ਚੌਥੀ ਨਿਸ਼ਾਨੀ :*

***ਪੂਰਨ ਸੰਤ ਸਾਰੇ ਰਸ ਛੱਡ ਕੇ ਹਰ ਵੇਲੇ ਅੰਮ੍ਰਿਤ ਰਸ ਪੀਂਦਾ ਹੈ। ਨਾਮ ਰਸ ਪੀਂਦਾ ਹੈ।*** ਜੇਕਰ ਅਸੀਂ ਸਾਰੇ ਰਸ ਛੱਡ ਨਹੀਂ ਸਕਦੇ ਤਾਂ ਸਾਰੇ ਰਸ ਘਟਾ ਹੀ ਲਈਏ ਤੇ ਅੰਮ੍ਰਿਤ ਰਸ ਪੀ ਲਈਏ ਆਪਣੇ ਜੀਵਨ ਵਿੱਚ ਝਾਤੀ ਮਾਰੋ, ਕਿਹੜੀ ਚੀਜ਼ ਤੁਹਾਡੇ ਅੰਮ੍ਰਿਤ ਰਸ ਨੂੰ ਚੋਰੀ ਕਰ ਰਹੀ ਹੈ। ਕਿਹੜਾ ਸਮਾਂ ਤੁਹਾਡੇ ਅੰਮ੍ਰਿਤ ਰਸ ਨੂੰ ਕੱਟਦਾ ਹੈ। ਕਈਆਂ ਨੂੰ ਨੀਂਦਰ, ਸੁਸਤੀ, ਆਲਸ ਆਤਮਿਕ ਰਸ ਤੱਕ ਨਹੀਂ ਪਹੁੰਚਣ ਦਿੰਦਾ। ਅੱਜ ਗਿਆਨ ਲੈਣਾ ਕਿ ਕਿਹੜੀ ਚੀਜ਼ ਮੇਰੇ ਅੰਮ੍ਰਿਤ ਰਸ ਪੀਣ ਵਿੱਚ ਰੁਕਾਵਟ ਬਣ ਰਹੀ ਹੈ। ਕਈ ਵਾਰੀ ਆਤਮਿਕ ਰਸ ਤੱਕ ਟੀ.ਵੀ. ਦੇ ਡਰਾਮੇ ਨਹੀਂ ਪਹੁੰਚਣ ਦਿੰਦੇ। ਤੁਸੀਂ ਸੋਚੋ ਕਿ ਕਿੱਥੇ ਰੁਕਾਵਟ ਹੈ ਅਜੇ ਪੰਜ ਪਾਠ ਜਪੁ ਜੀ ਸਾਹਿਬ ਜੀ ਦਾ ਨੇਮ ਕਰਨ ਵਾਲਾ ਰਹਿੰਦਾ ਹੈ ਪਰ ਡਰਾਮਾ ਟੀ.ਵੀ. ਤੇ ਚੱਲ ਪਿਆ ਲਿੰਕ ਵਧਦਾ ਗਿਆ ਇਕ ਡਰਾਮੇ ਤੋਂ ਦੂਸਰਾ ਡਰਾਮਾ ਸ਼ੁਰੂ ਹੁਣ ਗੁਟਕਾ ਸਾਹਿਬ ਰੱਖ ਦਿੱਤਾ ਕਿ ਬਾਕੀ ਪਾਠ ਕੱਲ ਕਰ ਲਵਾਂਗੇ ਤਾਂ ਸਮਝ ਲੈਣਾ ਕਿ ਤੁਹਾਡੇ ਆਤਮਕ ਰਸ ਨੂੰ ਟੀ.ਵੀ. ਦੇ ਰਸ ਨੇ ਲੁੱਟ ਲਿਆ। ਪਛਾਣ ਤੁਸੀਂ ਕਰਨੀ ਹੈ ਕਈਆਂ ਦਾ ਸੁਭਾਅ ਹੁੰਦਾ ਹੈ ਕਿ ਜ਼ਿਆਦਾ ਮਾਇਆ ਕਮਾ ਲਵਾਂ, ਉਨ੍ਹਾਂ ਕੁ ਸਮਾਂ ਕਿਰਤ ਨੂੰ ਧੰਦੇ ਨੂੰ ਦਿਓ ਜਿਸ ਦੇ ਨਾਲ ਤੁਹਾਡੇ ਘਰ ਦਾ ਖਰਚਾ ਚੱਲੀ ਜਾਵੇ।

ਲੁਧਿਆਣੇ ਦਾ ਇੱਕ ਸਰੀਰ ਦਾਸ ਨੇ ਪੁੱਛਿਆ ਨੇਮ ਕਿੰਨਾ ਹੈ ਤੁਹਾਡਾ ਉਹ ਕਹਿੰਦਾ ਜੀ ਇੱਕ ਪਾਠ ਜਪੁ ਜੀ ਸਾਹਿਬ ਜੀ ਦਾ ਕਰਦਾ ਹਾਂ ਰੋਜ਼। ਦਾਸ ਨੇ ਆਖਿਆ ਹੋਰ ਕਹਿੰਦਾ ਜੀ ਮੇਰੇ ਕੋਲ ਬਿਲਕੁਲ ਟਾਈਮ ਨਹੀਂ ਪਾਠ ਕਰਨ ਲਈ ਦਾਸ ਨੇ ਆਖਿਆ ਕਿ ਇਹੋ ਜਿਹਾ ਕਿਹੜਾ ਕਾਰੋਬਾਰ ਹੈ ਤੁਹਾਡਾ ਜਿਹੜਾ ਤੁਹਾਨੂੰ ਟਾਈਮ ਨਹੀਂ ਲੱਗਦਾ ਪਾਠ ਕਰਨ ਦਾ। ਉਹ ਕਹਿੰਦਾ ਮੈਂ ਬੈਂਕ 'ਚ ਨੌਕਰੀ ਕਰਦਾ ਹਾਂ। ਦਾਸ ਨੇ ਕਿਹਾ ਫਿਰ ਤਾਂ ਤੇਰੇ ਕੋਲ ਟਾਈਮ ਬਹੁਤ ਹੈ ਸਵੇਰੇ 10 ਵਜੇ ਤੋਂ 5 ਵਜੇ ਤੱਕ ਬੈਂਕ ਹੁੰਦਾ ਹੈ। ਉਹ ਸਰੀਰ ਕਹਿੰਦਾ ਮੈਂ ਸਵੇਰੇ 6:30 ਵਜੇ ਉੱਠਦਾ ਹਾਂ ਉਸ ਤੋਂ ਬਾਅਦ 2 ਫਰਮਾਂ ਦੇ ਅਕਾਊਂਟ ਲਿਖਦਾ ਹਾਂ ਫਿਰ 10 ਵਜੇ ਬੈਂਕ ਜਾਂਦਾ ਹਾਂ। ਨੌਕਰੀ ਤੋਂ ਬਾਅਦ ਸ਼ਾਮ ਨੂੰ 6 ਵਜੇ ਤੋਂ 10 ਵਜੇ ਤੱਕ ਦੋ ਫਰਮਾਂ ਦੇ ਅਕਾਊਂਟ ਲਿਖਦਾ ਹਾਂ। ਦਾਸ ਨੇ ਪੁੱਛਿਆ ਕਿ ਤੇਰੀ ਤਨਖਾਹ ਕਿੰਨੀ ਹੈ? ਕਹਿੰਦਾ 32000/- ਰੁਪਏ ਤੇ ਘਰ ਦਾ ਖਰਚਾ ਮਹੀਨੇ ਦਾ ਕਹਿੰਦਾ 25000/- ਰੁਪਏ। ਦਾਸ ਨੇ ਕਿਹਾ ਫਿਰ ਮਾਇਆ ਦਾ ਪਸਾਰਾ ਕਿਉਂ ਵਧਾਇਆ ਹੈ ਗੁਜਾਰਾ ਤੇ ਵਧੀਆ ਹੋ ਰਿਹਾ ਹੈ। ਕਹਿੰਦਾ ਮੈਂ ਕਿਹਾ ਥੋੜ੍ਹੀ ਜਿਹੀ ਇਕੱਠੀ ਕਰ ਲਈਏ। ਗੁਰੂ ਸਾਹਿਬ ਜੀ ਗੁਰਬਾਣੀ ਵਿੱਚ ਕੀ ਫ਼ਰਮਾਉਂਦੇ ਹਨ :

*ਖਸਮੁ ਮਰੈ ਤਉ ਨਾਰਿ ਨ ਰੋਵੈ ॥*
*ਉਸੁ ਰਖਵਾਰਾ ਅਉਰੋ ਹੋਵੈ ॥*

*(ਅੰਗ ੮੭੧)*

ਖਸਮ ਕਿਹਾ ਹੈ ਮਾਇਆ ਇਕੱਠੀ ਕਰਨ ਵਾਲੇ ਨੂੰ, ਨਾਰ ਕਿਹਾ ਹੈ ਮਾਇਆ ਨੂੰ। ਦਾਸ ਨੇ ਕਿਹਾ ਕਿ ਤੂੰ ਕਹਿੰਦਾ ਹੈਂ ਇਕੱਠੀ ਕਰ ਲਵਾਂ ਪਰ ਕਬੀਰ ਸਾਹਿਬ ਜੀ ਕਹਿੰਦੇ ਹਨ ਕਿ ਜਦੋਂ ਮਾਇਆ ਇਕੱਠੀ ਕਰਨ ਵਾਲਾ ਮਰਦਾ ਹੈ ਤਾਂ ਮਾਇਆ ਨਹੀਂ ਰੌਂਦੀ। ਮਾਇਆ ਨੂੰ ਪੁੱਛੋ ਜਿਸ ਨੇ ਤੇਰੇ ਪਿੱਛੇ ਆਤਮਿਕ ਰਸ ਛੱਡਿਆ ਚਾਰ-ਚਾਰ ਫਰਮਾਂ ਦੇ ਅਕਾਊਂਟ ਲਾਏ ਇੰਨੀ ਮਿਹਨਤ ਕੀਤੀ ਤੇ ਜਦੋਂ ਉਹ ਮਰ ਗਿਆ ਤੂੰ ਤੇ ਰੋਈ ਨਹੀਂ, ਮਾਇਆ ਕਹਿੰਦੀ ਮੈਂ ਇਸ ਲਈ ਨਹੀਂ ਰੌਂਦੀ ਹਾਲੇ ਉਸ ਸਰੀਰ ਦਾ ਅੰਤਿਮ ਸਸਕਾਰ ਵੀ ਨਹੀਂ ਹੋਇਆ ਹੁੰਦਾ ਮੇਰਾ ਨਾਲ ਹੀ ਅਗਲਾ ਖਸਮ ਬਣ ਜਾਂਦਾ ਹੈ। ਇਸ ਕਰਕੇ ਸਾਰੇ ਰਸ ਘਟਾ ਕੇ ਅੰਮ੍ਰਿਤ ਰਸ ਪੀਵੀਏ ਜਿੰਨੇ ਸਾਡੇ ਨਾਲ ਜਾਣਾ ਹੈ। ਇਹ ਪੂਰਨ ਸੰਤ ਦੀ ਚੌਥੀ ਨਿਸ਼ਾਨੀ ਹੈ ਕਿ ਉਹ ਸਾਰੇ ਰਸ ਛੱਡ ਕੇ ਹਰ ਵੇਲੇ ਵਾਹਿਗੁਰੂ-ਵਾਹਿਗੁਰੂ ਨਾਮ ਦਾ ਅੰਮ੍ਰਿਤ ਰਸ ਪੀਂਦਾ ਹੈ।

## *ਪੂਰਨ ਸੰਤ ਦੀ ਪੰਜਵੀਂ ਨਿਸ਼ਾਨੀ :*

*ਪੂਰਨ ਸੰਤ ਸੰਸਾਰ ਦੀਆਂ ਵਸਤੂਆਂ ਲਈ ਬਹੁਤੀ ਜੋਰਾਜਾਰੀ ਨਹੀਂ ਕਰਦਾ।* ਸਹਿਜ ਸੁਭਾਅ ਹੀ ਉਸਦੇ ਕੋਲ ਸੰਸਾਰਕ ਵਸਤੂਆਂ ਆਈ ਜਾਂਦੀਆਂ ਹਨ। ਸੰਸਾਰੀ ਵਸਤੂ ਆ ਵੀ ਜਾਵੇ ਬਹੁਤੀ ਪਕੜ ਨਹੀਂ ਰੱਖਦਾ, ਸੱਚਾ ਸੰਤ ਤਿਆਗ ਦੀ ਅਵਸਥਾ ਰੱਖਦਾ ਹੈ।

ਇੱਕ ਵਾਰ ਮਹਾਰਾਜਾ ਰਣਜੀਤ ਸਿੰਘ ਜੀ ਭਾਈ ਜਗਤਾ ਜੀ ਦੇ ਦਰਸ਼ਨ ਕਰਨ ਆਏ ਤੇ ਭਾਈ ਜਗਤਾ ਜੀ ਨੂੰ ਸੋਨੇ ਦੀ ਬੈਰਾਗਣ ਭੇਂਟ ਕੀਤੀ। ਕਈ ਮਹਾਂਪੁਰਖ ਬੰਦਗੀ ਵਾਲੇ ਅਭਿਆਸੀ ਪੁਰਸ਼ ਬੈਰਾਗਣ ਲਗਾ ਕੇ ਸਮਾਧੀ ਅਸਥਿਤ ਹੁੰਦੇ ਹਨ। ਮਹਾਰਾਜਾ ਰਣਜੀਤ ਸਿੰਘ ਜੀ ਆਖਣ ਲੱਗੇ ਮਹਾਂਪੁਰਸ਼ੋ ਸਾਡੀ ਹਾਜ਼ਰੀ ਪ੍ਰਵਾਨ ਕਰਿਓ ਭਾਈ ਜਗਤਾ ਜੀ ਨੇ ਬੈਰਾਗਣ ਰੱਖ ਲਈ ਤੇ ਕੁਝ ਦਿਨਾਂ ਬਾਅਦ ਇੱਕ ਨਕਲੀ ਸਾਧੂ ਭਾਈ ਜਗਤਾ ਜੀ ਦੇ ਕੋਲੋਂ ਲੰਘਿਆ ਤੇ ਦੇਖਿਆ ਭਾਈ ਜਗਤਾ ਜੀ ਕੋਲ ਸੋਨੇ ਦੀ ਬੈਰਾਗਣ ਪਈ ਹੈ ਉਸਦੇ ਮਨ ਵਿੱਚ ਲਾਲਚ ਆ ਗਿਆ ਤੇ ਭਾਈ ਜਗਤਾ ਜੀ ਦੀ ਉਹ ਸੋਨੇ ਦੀ ਬੈਰਾਗਣ ਚੁੱਕ ਕੇ ਕਹਿੰਦਾ, ਇਹ ਬੈਰਾਗਣ ਤੁਹਾਡੇ ਕੰਮ ਦੀ ਨਹੀਂ, ਬੈਰਾਗਣ ਸਾਡੇ ਵਰਗੇ ਸਾਧੂਆਂ ਨੂੰ ਸੋਭਦੀ ਹੈ, ਅਸੀਂ ਬੈਰਾਗੀ ਹਾਂ ਇਹ ਬੈਰਾਗਣ ਸਾਨੂੰ ਸੋਭਦੀ ਹੈ। ਇਸ ਬੈਰਾਗਣ ਦਾ ਸੰਬੰਧ ਸਾਡੇ ਨਾਲ ਹੈ, ਤੁਹਾਡੇ ਸੇਵਾ ਪੰਥੀਆਂ ਨਾਲ ਨਹੀਂ ਹੈ, ਅੱਗੋਂ ਭਾਈ ਜਗਤਾ ਜੀ ਤਿਆਗ ਦੀ ਮੂਰਤ ਕਹਿੰਦੇ, ਪੁਰਖਾ ਤੇਰਾ ਭਲਾ ਹੋਵੇ, ਅਸੀਂ ਤਾਂ ਭੱਠੀ ਬਾਲਣ ਵਾਲੇ, ਦਾਲ ਬਣਾਉਣ ਵਾਲੇ, ਫੁਲਕੇ ਲਾਹੁਣ ਵਾਲੇ। ਅਸੀਂ ਤਾਂ ਪਹਿਲਾਂ ਹੀ ਸੋਚਦੇ ਪਏ ਸੀ ਮਹਾਰਾਜਾ ਰਣਜੀਤ ਸਿੰਘ ਇੰਨੀ ਮਹਿੰਗੀ ਚੀਜ਼ ਸਾਨੂੰ ਭੇਟਾ ਕਰ ਗਿਆ ਹੈ ਇਸਨੂੰ ਕਿੱਥੇ ਸੰਭਾਲਾਂਗੇ ਤੇ ਸਾਡੀ ਵਾਹਿਗੁਰੂ ਨੇ ਸੁਣ ਲਈ ਸੰਭਾਲਣ ਵਾਲਾ ਭੇਜ ਦਿੱਤਾ। ਇਹ ਬੈਰਾਗਣ ਤੂੰ ਲੈ ਜਾ। ਇਹ ਦੇਖੋ ਸੋਚ ਦਾ ਫ਼ਰਕ, ਜੇਕਰ ਸੰਸਾਰੀ ਵਸਤੂ ਆ ਗਈ ਹੈ, ਉਸ ਦੇ ਲਈ ਜ਼ੋਰਾ ਜਾਰੀ ਨਹੀਂ ਜੇ ਚਲੀ ਗਈ ਹੈ ਤਾਂ ਪਕੜ ਵੀ ਨਹੀਂ। ਪੂਰਨ ਸੰਤ ਦੀ ਪੰਜਵੀਂ ਨਿਸ਼ਾਨੀ ਸੰਸਾਰੀ ਵਸਤੂਆਂ ਲਈ ਬਹੁਤੀ ਜ਼ੋਰਾ ਜਾਰੀ ਨਹੀਂ ਕਰਦਾ।

ਬਾਬਾ ਨੰਦ ਸਿੰਘ ਜੀ ਬਚਨ ਕਰਦੇ ਸਨ ਜਿੱਥੇ ਨਾਮ ਨਹੀਂ ਉੱਥੇ ਕੁਝ ਵੀ ਨਹੀਂ, ਫਿਰ ਕਹਿੰਦੇ ਸਨ ਜਿੱਥੇ ਨਾਮ ਹੈ ਉੱਥੇ ਸਭ ਕੁਝ ਹੈ ਭਾਵ ਉੱਥੇ ਕਿਸੇ ਚੀਜ਼ ਦਾ ਘਾਟਾ ਨਹੀਂ ਰਹਿੰਦਾ। ਬਾਬਾ ਜੀ ਕਹਿੰਦੇ ਤੂੰ ਗੁਰੂ ਨਾਨਕ ਸਾਹਿਬ ਦਾ ਬਣ ਜਾ, ਨਾਮ ਨਾਲ ਜੁੜ ਜਾ ਲੋਕ ਤੇਰੇ ਘਰ ਦੀਆਂ ਕੰਧਾਂ ਟੱਪ ਕੇ ਵਸਤੂਆਂ ਸੁੱਟਣਗੇ ਕਿ ਸਾਡੀ ਵੀ ਹਾਜ਼ਰੀ ਲੱਗ ਜਾਵੇ। ਕੋਈ ਜ਼ੋਰਾ ਜਾਰੀ ਕਰਨ ਦੀ ਲੋੜ ਨਹੀਂ ਨਾਮ ਦੇ ਪਿੱਛੇ ਸਭ ਕੁਝ ਚੱਲਿਆ ਆਉਂਦਾ ਹੈ। ਇਹ ਪੰਜਵੀਂ ਨਿਸ਼ਾਨੀ ਪੂਰਨ ਸੰਤ ਸੰਸਾਰ ਦੀਆਂ ਵਸਤੂਆਂ ਲਈ ਬਹੁਤੀ ਜ਼ੋਰਾਜਾਰੀ ਨਹੀਂ ਕਰਦਾ।

## *ਪੂਰਨ ਸੰਤ ਦੀ ਛੇਵੀਂ ਨਿਸ਼ਾਨੀ :*

*ਬਲ ਹੁੰਦਿਆਂ ਹੋਇਆਂ ਵੀ ਪੂਰਨ ਸੰਤ*

***ਕਦੀ ਕਰਾਮਾਤ ਨਹੀਂ ਵਿਖਾਉਂਦਾ।*** ਇਹ ਛੇ ਨਿਸ਼ਾਨੀਆਂ ਸਾਂਈ ਮੀਆਂ ਮੀਰ ਜੀ ਜਹਾਂਗੀਰ ਨੂੰ ਦੱਸ ਰਹੇ ਹਨ ਅਤੇ ਜਹਾਂਗੀਰ ਨੇ ਸਾਂਈ ਮੀਆਂ ਮੀਰ ਜੀ ਨੂੰ ਇੱਕ ਹੋਰ ਪ੍ਰਸ਼ਨ ਕੀਤਾ ਕਿ ਧਰਤੀ ਤੇ ਕੋਈ ਐਸਾ ਪੂਰਨ ਸੰਤ ਪੁਰਸ਼ ਹੈ ਜਿਸਦੇ ਅੰਦਰ ਇਹ ਛੇ ਦੀਆਂ ਛੇ ਨਿਸ਼ਾਨੀਆਂ ਹੋਣ। ਸਾਂਈ ਮੀਆਂ ਮੀਰ ਜੀ ਜਹਾਂਗੀਰ ਨੂੰ ਕਹਿੰਦੇ ਹਾਂ ਉਹ ਹਨ ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ। ਜਿਨ੍ਹਾਂ ਨੂੰ ਤੇਰੇ ਚੰਦੂ ਨੇ ਸ਼ਹੀਦ ਕਰ ਦਿੱਤਾ। ਸਾਂਈ ਮੀਆਂ ਮੀਰ ਜੀ ਕਹਿਣ ਲੱਗੇ, ਜਹਾਂਗੀਰ ਸ੍ਰੀ ਗੁਰੂ ਅਰਜਨ ਦੇਵ ਜੀ ਕੋਲ ਇੰਨੀ ਤਾਕਤ ਸੀ ਕਿ ਇੱਕ ਹੱਥ ਵੀ ਉੱਚਾ ਕਰ ਦੇਣ ਤੇ ਅਕਾਸ਼ ਫਟ ਸਕਦਾ ਸੀ, ਇੱਕ ਇਸ਼ਾਰਾ ਕਰ ਦੇਣ ਤੇ ਸੂਰਜ-ਚੰਦਰਮਾ ਦੇ ਟੁਕੜੇ-ਟੁਕੜੇ ਹੋ ਸਕਦੇ ਸਨ। ਇੱਕ ਉਂਗਲ ਹੀ ਚੰਦੂ ਵੱਲ ਕਰ ਦਿੰਦੇ ਚੰਦੂ ਨੇ ਭਸਮ ਹੋ ਜਾਣਾ ਸੀ। ਸ੍ਰੀ ਗੁਰੂ ਅਰਜਨ ਦੇਵ ਜੀ ਵਿੱਚ ਇੰਨੀ ਤਾਕਤ ਸੀ ਇੱਕ ਉਂਗਲ ਉੱਪਰ ਚੁੱਕ ਦੇਣ ਤੇ ਯੁੱਗ ਪਲਟ ਸਕਦਾ ਹੈ ਲੇਕਿਨ ਇੰਨਾ ਕੁਝ ਹੁੰਦਿਆਂ ਉਨ੍ਹਾਂ ਨੇ ਭਾਣਾ ਮੰਨਿਆ ਹੈ ਕਰਾਮਾਤ ਨਹੀਂ ਵਿਖਾਈ। ਸਾਂਈ ਮੀਆਂ ਮੀਰ ਜੀ ਕਹਿੰਦੇ ਉਸ ਮਹਾਨ ਆਤਮਾ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਹੀ ਸਾਨੂੰ ਹੁਕਮ ਸੀ ਭਾਣੇ ਵਿੱਚ ਰਹਿਣਾ ਹੈ। ਪੂਰਨ ਸੰਤ ਦੀ ਛੇਵੀਂ ਨਿਸ਼ਾਨੀ ਬਲ ਹੁੰਦਿਆਂ ਹੋਇਆਂ ਵੀ ਕਦੀ ਕਰਾਮਾਤ ਨਹੀਂ ਵਿਖਾਉਂਦਾ।

ਸੋ ਗੁਰੂ ਪਿਆਰੀ ਸਾਧ ਸੰਗਤ ਜੀ ਇਹ ਹਨ ਪੂਰਨ ਸੰਤ ਦੀਆਂ ਛੇ ਨਿਸ਼ਾਨੀਆਂ।

⌘⌘⌘

## ਰਸਾਲਾ ਬੁੱਕ ਕਰਵਾਉਣ ਵਾਸਤੇ ਪਾਠਕਾਂ ਨੂੰ ਜ਼ਰੂਰੀ ਬੇਨਤੀ

ਸੰਗਤਾਂ ਨੂੰ ਬੇਨਤੀ ਹੈ ਕਿ ਰਸਾਲਾ ਬੁੱਕ ਕਰਵਾਉਣ ਲਈ ਸਾਡੇ ਸਿਫਤਿ ਸਾਲਾਹ ਬੈਂਕ ਖਾਤੇ ਵਿੱਚ ਕੈਸ਼ ਜਮ੍ਹਾਂ ਨਾ ਕਰਵਾਇਆ ਜਾਵੇ ਕਿਉਂਕਿ ਜਦੋਂ ਵੀ ਤੁਸੀਂ ਰਸਾਲੇ ਵਾਸਤੇ ਕੈਸ਼ ਜਮ੍ਹਾਂ ਕਰਵਾਉਂਦੇ ਹੋ ਤੇ 60/- ਰੁਪਏ ਬੈਂਕ ਵੱਲੋਂ ਕੱਟ ਲਏ ਜਾਂਦੇ ਹਨ। ਰਸਾਲਾ ਬੁੱਕ ਕਰਵਾਉਣ ਲਈ ਜਾਂ Subscription Renew ਕਰਵਾਉਣ ਲਈ ਆਪ ਜੀ ਹੇਠ ਲਿਖੇ ਢੰਗ ਨਾਲ ਪੈਸੇ ਭੇਜ ਸਕਦੇ ਹੋ।

**ਸਿਫਤਿ ਸਾਲਾਹ ਪੱਤ੍ਰਿਕਾ**
ਆਪ ਪੜ੍ਹੋ ਤੇ ਹੋਰਨਾਂ ਨੂੰ ਵੀ ਪੜ੍ਹਾਓ।

1) ਬੈਂਕ ਡਰਾਫਟ ਜਾਂ ਚੈੱਕ ਰਾਹੀਂ
2) RTGS/NEFT ਰਾਹੀਂ ਜਾਂ ਬੈਂਕ Transfer ਰਾਹੀਂ
ਨਾਮ :- ਧੰਨ ਧੰਨ ਮਾਤਾ ਕੌਲਾਂ ਜੀ ਸਿਫਤਿ ਸਾਲਾਹ
ਖਾਤਾ ਨੰ. 55031111026 ਬੈਂਕ :- ਸਟੇਟ ਬੈਂਕ ਆਫ ਇੰਡੀਆ
IFSC ਕੋਡ ਨੰ. SBIN0050245 ਬ੍ਰਾਂਚ :- ਚਾਟੀਵਿੰਡ ਚੌਂਕ, ਅੰਮ੍ਰਿਤਸਰ।

**VPP ਰਾਹੀਂ ਘਰ ਬੈਠੇ ਰਸਾਲਾ ਮੰਗਵਾਓ**

3) ਆਪ ਜੀ ਇਸ ਨੰਬਰ 98765-25850 ਤੇ ਆਪਣਾ ਪੂਰਾ ਪਤਾ ਲਿਖ ਕੇ SMS ਕਰ ਦਿਓ ਅਤੇ ਕਿੰਨੇ ਸਾਲ ਲਈ ਬੁੱਕ ਕਰਵਾਉਣਾ ਹੈ ਲਿਖ ਦਿਓ। ਪਤਾ ਲਿਖਣ ਲੱਗਿਆ Pin Code No. ਲਿਖ ਕੇ ਜ਼ਰੂਰ ਭੇਜੋ ਜੀ। 10 ਦਿਨ ਦੇ ਅੰਦਰ-ਅੰਦਰ ਡਾਕੀਆ ਆਪ ਜੀ ਦੇ ਦਿੱਤੇ ਹੋਏ ਪਤੇ ਤੇ ਰਸਾਲਾ ਦੇਣ ਆਵੇਗਾ ਅਤੇ ਦੋ ਸਾਲ ਦਾ ਚੰਦਾ 340/- ਰੁਪਏ, ਪੰਜ ਸਾਲ ਦਾ ਚੰਦਾ 650/- ਰੁਪਏ ਆਪ ਜੀ ਪਾਸੋਂ ਰਸਾਲੇ ਦੀ ਭੇਟਾ ਵਸੂਲ ਕਰ ਲਵੇਗਾ ਤੇ ਰਸਾਲਾ ਦੇ ਦੇਵੇਗਾ।

| ਚੰਦਾ (ਦੇਸ਼) | |
|---|---|
| ਇੱਕ ਸਾਲ | 150+40=190/- |
| ਦੋ ਸਾਲ | 300+40=340/- |
| ਪੰਜ ਸਾਲ | 600+50=650/- |
| ਲਾਈਫ | 2400+90=2490/- |

ਵਧੇਰੇ ਜਾਣਕਾਰੀ ਲਈ ਸੰਪਰਕ ਨੰ. 98765-25850

## ਜੀਵਨ ਬਾਬਾ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲੇ

# ਆਪਿ ਮੁਕਤੁ ਮੁਕਤ ਕਰੈ ਸੰਸਾਰੁ ॥



*-ਭਾਈ ਅਮਰੀਕ ਸਿੰਘ ਗਨੈਸ਼ਕ*

*ਲੜੀ ਜੋੜਨ ਲਈ ਪਿਛਲਾ ਅੰਕ ਦੇਖੋ ਜੀ :-*

ਪਰਮੇਸ਼ਰ ਦਾ ਨਾਮ ਜਪਣਾ ਵਡਭਾਗਿਆਂ ਦੇ ਹਿੱਸੇ ਆਉਂਦਾ ਹੈ। ਪਰਮਾਰਥ ਦਾ ਜਗਿਆਸੂ ਅੰਦਰਲੀ ਜਗਿਆਸਾ ਨਾਲ ਬਣਿਆ ਹੁੰਦਾ ਹੈ। ਜਗਿਆਸੂ ਗਰੀਬ ਕਿਰਤੀ ਵੀ ਹੋ ਸਕਦਾ ਹੈ ਤੇ ਧਨਾਢਾਂ ਵਿੱਚ ਗਿਣੇ ਜਾਣ ਵਾਲਾ ਵੀ। ਜਗਿਆਸਾ, ਲਗਨ ਅਤੇ ਮਨ ਦੀ ਗਰੀਬੀ ਭਾਵ ਨਿਮਰਤਾ ਪਰਮਾਰਥਕ ਮੰਜ਼ਿਲਾਂ ਸਰ ਕਰਨ ਦੇ ਸਾਧਨ ਹਨ। ਦੂਜੇ ਪਾਸੇ ਜਗਿਆਸਾ ਤੋਂ ਹੀਣਾ ਭੇਖ ਬਣਾ ਕੇ ਵੀ ਰੂਹਾਨੀਅਤ ਪੱਖੋਂ ਕੋਰਾ ਰਹਿ ਜਾਇਆ ਕਰਦਾ ਹੈ।

ਪਿੰਡ ਕਲਾੜ੍ਹ ਦੀ ਸੰਗਤ ਨੇ ਮਹਾਂਪੁਰਖਾਂ ਤੋਂ ਸਮਾਂ ਲੈ ਕੇ ਪਿੰਡ ਵਿੱਚ ਦੀਵਾਨ ਸਜਾਏ। ਮਹਾਂਪੁਰਖਾਂ ਵੱਲੋਂ ਜਿੱਥੇ ਵੀ ਕੀਰਤਨ ਕੀਤਾ ਜਾਂਦਾ, ਦੋ ਗੱਲਾਂ ਪੱਕੀਆਂ ਹੁੰਦੀਆਂ- ਇੱਕ ਸਮੇਂ ਦੀ ਪਾਬੰਦੀ ਅਤੇ ਦੂਜਾ ਨਿਰੋਲ ਗੁਰਮਤਿ ਦੀ ਵਿਚਾਰ। ਪਰਮਾਰਥਕ ਜਗਿਆਸਾ ਲੈ ਕੇ ਆਉਣ ਵਾਲੇ ਪਰਮਾਰਥ ਦੇ ਪਾਂਧੀ ਝੋਲੀਆਂ ਭਰ ਲੈ ਜਾਂਦੇ, ਪਰ ਹਰ ਕੋਈ ਜਗਿਆਸੂ ਤਾਂ ਹੋਇਆ ਨਹੀਂ ਕਰਦਾ।

ਇੱਕ ਸਾਧੂ ਭੇਖ ਵਾਲਾ ਬੰਦਾ ਮਹਾਂਪੁਰਖਾਂ ਤੋਂ ਆਗਿਆ ਲੈ ਕੇ ਦੀਵਾਨ ਵਿੱਚ ਕਿੰਗਰੀ ਵਜਾ ਕੇ ਕੀਰਤਨ ਕਰਦਾ। ਭੇਖ ਸਾਧੂ ਵਾਲਾ ਸੀ ਪਰ ਸੀ ਚਪਲ (ਚੰਚਲ) ਬਿਰਤੀ ਵਾਲਾ। ਚਪਲਤਾ ਅਤੇ ਪਰਮਾਰਥਕ ਬਿਰਤੀ ਦਾ ਜ਼ਮੀਨ ਅਸਮਾਨ ਵਰਗਾ ਅੰਤਰ ਹੈ। ਚਪਲ ਤੋਂ ਭਾਵ ਹੁੰਦਾ ਹੈ ਚੰਚਲ। ਇੱਕ ਜਗ੍ਹਾ ਟਿਕੇ ਨਾ ਬੈਠਣ ਵਾਲਾ। ਚਪਲ ਬਿਰਤੀ ਹੁੰਦੀ ਹੈ ਇਕਾਗਰਤਾ ਨਾ ਹੋਣ ਵਾਲੀ ਬਿਰਤੀ, ਪਦਾਰਥਾਂ ਵਿੱਚ ਲੁਭਾਇਮਾਨ ਹੋਣ ਵਾਲੀ ਬਿਰਤੀ। ਕਦੇ ਕਿਸੇ ਚੀਜ਼ ਵੱਲ ਖਿੱਚੇ ਜਾਣਾ, ਕਦੇ ਕਿਸੇ ਚੀਜ਼ ਵੱਲ। ਛੋਟੀ ਤੋਂ ਛੋਟੀ ਚੀਜ਼ ਦੀ ਪਕੜ ਬਣਾ ਲੈਣੀ, ਵੱਡੀ ਤੋਂ ਵੱਡੀ ਪਦਾਰਥਕ ਵਸਤੂ ਪਿੱਛੇ ਲੱਗ ਤੁਰਨਾ। ਗੱਲ ਕੀ ਮਨ ਨੇ ਫੁਰਨੇ ਉਠਾਉਣੇ ਤੇ ਫੁਰਨਿਆਂ ਦੇ ਪਿੱਛੇ ਜਾਣਾ। ਫੁਰਨੇ ਸਭ ਨੂੰ ਉੱਠਦੇ ਹਨ, ਪਰ ਸੂਝਵਾਨ ਉਹ ਗਿਣਿਆ ਜਾਂਦਾ ਹੈ ਜੋ ਦੋ ਕੰਮ ਕਰੇ- ਪਹਿਲਾ ਮਾੜੇ ਫੁਰਨਿਆਂ ਪਿੱਛੇ ਨਾ ਲੱਗੇ। ਦੂਸਰਾ ਇਹ ਕਿ ਮਾੜੇ ਫੁਰਨਿਆਂ ਨੂੰ ਘਟਾਵੇ, ਰੋਕੇ ਅਤੇ ਚੰਗੇ ਫੁਰਨੇ ਕਰੇ। ਉੱਤਮ ਜਗਿਆਸੂ ਸਦਾ ਮਨ ਤੇ ਪਹਿਰਾ ਦਿੰਦੇ ਹਨ। ਚਪਲ ਬਿਰਤੀ ਇਕਾਗਰ ਨਹੀਂ ਹੋ ਸਕਦੀ ਜਦਕਿ ਪਰਮਾਰਥਕ ਬਿਰਤੀ ਵਿੱਚ ਇਕਾਗਰਤਾ ਇੱਕ ਜ਼ਰੂਰੀ ਸ਼ਰਤ ਹੈ। ਉੱਤਮ ਜਗਿਆਸੂ ਸਦਾ ਹੀ ਮਨ ਦੀ ਪੱਤਰੀ ਵਾਚਦੇ ਰਹਿੰਦੇ ਹਨ ਜਿੰਨੀ ਬਿਰਤੀ ਉੱਚੀ ਹੁੰਦੀ ਜਾਂਦੀ ਹੈ, ਓਨਾ ਹੀ ਮਤ ਦੀ ਬਰੀਕੀ ਵੱਧਦੀ ਜਾਂਦੀ ਹੈ, ਮਨ ਤੇ ਪਹਿਰਾ ਓਨਾ ਹੀ ਵੱਧਦਾ ਜਾਂਦਾ ਹੈ।

ਜਿਸ ਵੇਲੇ ਬਾਬਾ ਨੰਦ ਸਿੰਘ ਜੀ ਲਹਿਰੇ ਖਾਨੇ ਬਾਬਾ ਵਧਾਵਾ ਸਿੰਘ ਜੀ ਪਾਸ ਵਿਦਿਆ ਪੜ੍ਹ ਰਹੇ ਸਨ, ਹੋਰ ਵਿਦਿਆਰਥੀਆਂ ਨਾਲ ਜਾਂ ਕਿਸੇ ਨਾਲ ਵੀ ਬਚਨ ਬਹੁਤ ਘੱਟ ਕਰਿਆ ਕਰਦੇ। ਖੁਦ ਦਾ ਫੁਰਨਾ ਤਾਂ ਗੁਰੂ ਸ਼ਬਦ ਤੋਂ ਬਿਨਾਂ ਹੋਰ ਕੁਝ ਕੀ ਬਣਨਾ ਸੀ, ਦੂਸਰਿਆਂ ਦਾ ਕੁਝ ਫੁਰਨਾ ਬਣਨ ਤੋਂ ਵੀ ਖੁਦ ਨੂੰ ਦੂਰ ਰੱਖਦੇ। ਇੱਕ ਦਿਨ ਲੰਗਰ ਵਿੱਚ ਸੇਵਾ ਕਰ ਰਹੇ ਸਨ। ਇੱਕ

ਵਿਦਿਆਰਥੀ ਨੇ ਬਿਲਾਸ (ਹਾਸਾ-ਮਜ਼ਾਕ) ਵਿੱਚ ਲੰਗਰ ਦੇ ਪਦਾਰਥਾਂ ਦੇ ਸਵਾਦ ਦੀ ਕੋਈ ਗੱਲ ਦੂਸਰੇ ਵਿਦਿਆਰਥੀਆਂ ਨੂੰ ਕਹੀ ਤਾਂ ਬਾਬਾ ਜੀ ਨੇ ਖੁਦ ਨੂੰ ਹੀ ਤਾੜਦੇ ਹੋਏ ਬਚਨ ਕੀਤਾ ਕਿ ਤੁਰਨਾ ਭਗਤੀ ਦੇ ਰਸਤੇ ਅਤੇ ਫੁਰਨੇ ਪਦਾਰਥਾਂ ਦੇ ਕਰਨੇ।



*ਧੰਨ ਧੰਨ ਬਾਬਾ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲੇ*

ਮਹਾਂਪੁਰਖਾਂ ਦਾ ਜੀਵਨ ਉਨ੍ਹਾਂ ਦੇ ਬਚਨ ਇੱਕ ਚਾਨਣ ਮੁਨਾਰੇ ਵੱਤ ਰਾਹ ਦਿਖਾਉਂਦੇ ਹਨ, ਭਾਗਾਂ ਵਾਲੇ ਲਾਹਾ ਲੈ ਜਾਂਦੇ ਹਨ। ਚੰਚਲ ਮੱਤ ਲਾਹਾ ਪਦਾਰਥਾਂ ਵਿੱਚੋਂ ਲੋਚਦੀ ਹੈ।

ਉਸ ਭੇਖੀ ਨੇ ਰਾੜਾ ਸਾਹਿਬ ਵਾਲੇ ਮਹਾਂਪੁਰਖਾਂ ਪਾਸ ਜੇਬ ਘੜੀ ਦੇਖੀ। ਉਨ੍ਹਾਂ ਦਿਨਾਂ ਵਿੱਚ ਜੇਬ ਘੜੀਆਂ ਹੋਇਆ ਕਰਦੀਆਂ, ਜੋ ਜੇਬ ਵਿੱਚ ਰੱਖੀਆਂ ਜਾਂਦੀਆਂ। ਜਦ ਸਮਾਂ ਦੇਖਣਾ ਹੋਵੇ ਜੇਬ ਵਿੱਚੋਂ ਘੜੀ ਕੱਢ ਕੇ ਦੇਖਿਆ ਜਾ ਸਕਦਾ ਸੀ।

ਉਸ ਦਾ ਮਨ ਘੜੀ ਦੇ ਲੁਭਾਇਮਾਨ ਹੋ ਗਿਆ। ਆਪਣੀ ਮੱਤ ਅਨੁਸਾਰ ਘੜੀ ਹਾਸਲ ਕਰਨ ਦਾ ਤਰੀਕਾ ਸੋਚ ਕੇ ਕਿੰਗਰੀ ਨਾਲ ਸ਼ਬਦ ਪੜ੍ਹਨ ਤੋਂ ਬਾਅਦ ਸਟੇਜ ਉੱਪਰ ਹੀ ਹੱਸਣ ਲੱਗਾ। ਜਦ ਕੁਝ ਸਮਾਂ ਇਵੇਂ ਹੀ ਹੱਸਦਾ ਰਿਹਾ ਤਾਂ ਸਾਰੇ ਹੈਰਾਨੀ ਨਾਲ ਉਸ ਵੱਲ ਵੇਖਣ ਲੱਗੇ ਕਿ ਇਸਨੂੰ ਕੀ ਹੋਇਆ, ਹੱਸਣ ਵਾਲੀ ਕੋਈ ਗੱਲ ਹੋਈ ਤਾਂ ਜਾਪਦੀ ਨਹੀਂ। ਮਹਾਂਪੁਰਖਾਂ ਨੇ ਬੇ-ਰਸੀ ਹੁੰਦੀ ਵੇਖੀ ਤਾਂ ਉਸ ਵੱਲ ਦ੍ਰਿਸ਼ਟੀ ਪਾਈ।

ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਬੈਠਣ ਦੀ ਮਰਿਆਦਾ ਹੋਇਆ ਕਰਦੀ ਹੈ। ਉਸ ਮਰਿਆਦਾ ਤੋਂ ਬਾਹਰ ਜਾਣਾ ਬੇਅਦਬੀ ਵੀ ਹੁੰਦੀ ਹੈ ਅਤੇ ਹੋਰਨਾਂ ਲਈ ਵੀ ਬੇ-ਰਸੀ ਦਾ ਕਾਰਨ ਬਣਦੀ ਹੈ।

ਇੱਕ ਵਾਰ ਬਾਬਾ ਨੰਦ ਸਿੰਘ ਜੀ ਦੀਵਾਨ ਵਿੱਚ ਬਚਨ ਕਰ ਰਹੇ ਸਨ। ਸੰਗਤ ਵਿੱਚ ਇੱਕ ਸਾਧੂ ਭੇਖ ਵਿੱਚ ਸਖਸ਼ ਕਦੇ ਇਧਰ ਨੂੰ ਦੇਖਦਾ, ਕਦੇ ਉਧਰ ਨੂੰ। ਬਾਬਾ ਜੀ ਨੇ ਉਸਦੇ ਭੇਖ ਦੀ ਲਾਜ ਰੱਖਦੇ ਹੋਏ ਉਸਨੂੰ ਸਿੱਧਾ ਤਾਂ ਕੁਝ ਨਹੀਂ ਕਿਹਾ, ਇੱਕ ਸੰਗੀ ਨੂੰ ਤਾੜ ਦਿੱਤਾ ਕਿ ਸੰਗਤ ਵਿੱਚ ਇਕਾਗਰ ਹੋ ਕੇ ਬੈਠੀਦਾ ਹੈ, ਇਧਰ-ਉਧਰ ਨਹੀਂ ਤਕੀਦਾ।

ਇਧਰ ਸਟੇਜ ਤੇ ਉਸ ਕਿੰਗਰੀ ਵਾਲੇ ਦੇ ਅਕਾਰਣ ਹੱਸ ਕੇ ਬੇਰਸੀ ਕਰਨ ਤੇ ਜਦ ਮਹਾਂਪੁਰਖਾਂ ਨੇ ਉਸ ਤੇ ਦ੍ਰਿਸ਼ਟੀ ਪਾਈ ਤਾਂ ਉਹ ਇਕਦਮ ਚੁੱਪ ਹੋ ਗਿਆ, ਫਿਰ ਕਹਿਣ ਲੱਗਾ, "ਮਹਾਂਪੁਰਖੋ! ਮੈਂ ਬਹੁਤ ਦੂਰੋਂ ਚੱਲ ਕੇ ਆਇਆ ਸੀ ਅਤੇ ਆਇਆ ਉਹ ਵਸਤੂ ਲੈਣ ਸੀ ਜੋ ਕਿ ਆਪ ਜੀ ਵਰਗੇ ਮਹਾਂਪੁਰਖਾਂ ਪਾਸੋਂ ਹੀ ਮਿਲ ਸਕਦੀ ਹੈ। ਬਹੁਤ ਵੱਡੀ ਵਸਤੂ ਲੈਣ ਆਇਆ ਸੀ। ਮੈਂ ਤਾਂ ਚਾਹੁੰਦਾ ਸੀ ਕਿ ਜਨਮ ਮਰਣ ਦਾ ਜੋ ਜੰਜਾਲ ਗਲ ਪਿਆ ਹੋਇਆ ਹੈ ਉਹ ਕਟਾ ਲਵਾਂ... ਮੇਰਾ ਵੀ ਜੰਮਣ-ਮਰਣ ਕੱਟਿਆ ਜਾਵੇ ਪਰ ਸੰਗਤ ਜੀ ਇਹ ਐਸੀ ਵਸਤੂ ਕਿੱਥੇ ਦਿੰਦੇ ਨੇ... ਵੇਖੋ ਨਾ ਮੇਰਾ ਮਨ

ਘੜੀ ਵੱਲ ਪ੍ਰੇਰ ਦਿੱਤਾ ਹੈ। ਇਹ ਘੜੀ ਮੇਰੇ ਕੀ ਕੰਮ ਹੈ? ਮੈਂ ਤਾਂ ਜੰਮਣ-ਮਰਣ ਤੋਂ ਮੁਕਤੀ ਚਾਹੁੰਦਾ ਹਾਂ, ਪਰ ਇਹ ਮੈਨੂੰ ਪ੍ਰੇਰ ਰਹੇ ਹਨ ਨੇ ਕਿ ਆਹ ਘੜੀ ਲੈ ਲਾ। ਕੈਸੀ ਖੇਡ ਕਰ ਦਿੱਤੀ ਹੈ।''

ਮਹਾਂਪੁਰਖ ਉਸਦਾ ਫੁਰਨਾ ਅਤੇ ਚਲਾਕੀ ਵੇਖ ਕੇ ਹੱਸ ਪਏ ਅਤੇ ਕੋਲ ਬੈਠੇ ਸੇਵਾਦਾਰ ਨੂੰ ਬਚਨ ਕੀਤਾ, ''ਆਹ ਲੈ ਘੜੀ ਇਹਨੂੰ ਫੜਾ ਦੇ, ਇਹ ਤਰੀਕੇ ਨਾਲ ਘੜੀ ਮੰਗ ਰਿਹਾ ਹੈ।''

ਮਹਾਂਪੁਰਖਾਂ ਦਾ ਸੁਭਾਅ ਬਚਪਨ ਤੋਂ ਹੀ ਉਦਾਰ ਅਤੇ ਨਿਰਲੇਪਤਾ ਵਾਲਾ ਸੀ। ਬਚਪਨ ਤੋਂ ਹੀ ਕਿਸੇ ਚੀਜ਼ ਦੀ ਪਕੜ ਨਹੀਂ ਸੀ। ਲੋੜਵੰਦਾਂ ਨੂੰ ਲੋੜੀਂਦੀ ਚੀਜ਼ ਦੇ ਦਿਆ ਕਰਦੇ।

ਜਦ ਰੇਰੂ ਸਾਹਿਬ ਸ੍ਰੀ ਮਾਨ ਸੰਤ ਬਾਬਾ ਅਤਰ ਸਿੰਘ ਜੀ ਪਾਸ ਰਹੇ, ਉਸ ਵੇਲੇ ਵੀ ਲੋੜਵੰਦਾਂ ਦੀ ਮਦਦ ਆਪਣੀ ਵਸਤੂ ਦੇ ਕੇ ਕਰ ਦਿੰਦੇ ਪਰ ਮਹਾਂਪੁਰਖਾਂ ਪਾਸੋਂ ਆਪਣੇ ਲਈ ਉਹ ਚੀਜ਼ ਨਾ ਮੰਗਦੇ। ਕਿਸੇ ਨੂੰ ਨੰਗੇ ਪੈਰ ਦੇਖਿਆ, ਆਪਣਾ ਜੋੜਾ ਦੇ ਦਿੱਤਾ, ਆਪਣੇ ਲਈ ਹੋਰ ਨਾ ਮੰਗਿਆ।

ਰੇਰੂ ਸਾਹਿਬ ਵਾਲੇ ਮਹਾਂਪੁਰਖਾਂ ਨੇ ਬਚਨ ਕਰਨਾ, ''ਭਾਈ ਪ੍ਰੇਮੀਆ! ਇਹ ਤੇਰਾ ਸਾਧਨਾ ਕਾਲ ਹੈ। ਬਖਸ਼ਿਸ਼ਾਂ ਕਰਨ ਲਈ ਅੱਗੇ ਬਹੁਤ ਸਮਾਂ ਪਿਆ ਹੈ। ਬਹੁਤ ਪਰਉਪਕਾਰ ਦੇ ਕਾਰਜ ਕਰਨੇ ਨੇ।''

ਕਰਮਸਰ ਰਾੜਾ ਸਾਹਿਬ ਵੀ ਨਹਿਰ ਕੰਢੇ ਸੈਰ ਲਈ ਜਾਂਦੇ, ਰਸਤੇ ਵਿੱਚ ਕਿਸੇ ਲੋੜਵੰਦ ਨੇ ਬੇਨਤੀ ਕਰਨੀ ਤਾਂ ਆਪਣੇ ਗਰਮ ਬਸਤਰ ਜਾਂ ਜੋੜਾ ਆਦਿ ਦੇ ਦੇਣਾ। ਕੁਝ ਇੱਕ ਵਾਰ ਇਵੇਂ ਹੋਇਆ ਤਾਂ ਸੇਵਾਦਾਰ ਬਿਨਾਂ ਆਗਿਆ ਲਏ ਪ੍ਰੇਮ ਵਿੱਚ ਪਹਿਲਾਂ ਅੱਗੇ ਚੱਲੇ ਜਾਂਦੇ ਅਤੇ ਦੇਖ ਲੈਂਦੇ ਕਿ ਕੋਈ ਲੋੜਵੰਦ ਨਾ ਹੋਵੇ, ਜੇ ਹੁੰਦਾ ਤਾਂ ਉਸਨੂੰ ਅਸਥਾਨ ਤੋਂ ਲੋੜੀਂਦੀ ਵਸਤੂ ਦੇ ਦਿੰਦੇ।

ਉਸ ਬੰਦੇ ਨੂੰ ਘੜੀ ਦੀ ਕਿੰਨੀ ਕੁ ਲੋੜ ਸੀ, ਇਹ ਤਾਂ ਉਹ ਜਾਣੇ ਪਰ ਉਸਦੀ ਬਿਰਤੀ ਘੜੀ ਉੱਤੇ ਹੀ ਟਿਕ ਗਈ ਸੀ। ਮਹਾਂਪੁਰਖਾਂ ਨੇ ਉਸਦੀ ਭਾਵਨਾ ਅਨੁਸਾਰ ਉਸਨੂੰ ਘੜੀ ਦੇਣ ਲਈ ਸੇਵਾਦਾਰ ਨੂੰ ਦੇ ਦਿੱਤੀ।

''ਬਾਬਾ ਜੀ! ਇਹ ਘੜੀ ਮਹਿੰਗੀ ਹੈ, ਆਪ ਜੀ ਪਾਸ ਹੀ ਸੋਭਦੀ ਹੈ। ਇਸਨੂੰ ਹੋਰ ਘੜੀ ਦੇ ਦਿਆਂਗੇ।'' ਸੇਵਾਦਾਰ ਨੇ ਅਰਜ਼ ਕੀਤੀ।

''ਨਹੀਂ ਭਾਈ! ਇਸਨੇ ਇਹ ਮੰਗੀ ਹੈ, ਤੇ ਇਹੀ ਦੇਣੀ ਹੈ।'' ਬਾਬਾ ਜੀ ਦਾ ਬਚਨ ਮੰਨ ਕੇ ਸੇਵਾਦਾਰ ਨੇ ਘੜੀ ਉਸਨੂੰ ਜਾ ਫੜਾਈ।

''ਨਾ... ਜੀ ਨਾ... ਜੀ ਨਾ। ਘੜੀ ਨਹੀਂ ਜੰਮਣ-ਮਰਣ ਤੋਂ ਮੁਕਤੀ ਚਾਹੁੰਦਾ ਸੀ ਮੈਂ ਤਾਂ।'' ਘੜੀ ਫੜ ਕੇ ਮੁੱਠੀ ਵਿੱਚ ਬੰਦ ਕਰਦਿਆਂ ਵੀ ਇਹੋ ਕਹੀ ਜਾ ਰਿਹਾ ਸੀ। ਚਾਹੁੰਦਾ ਤਾਂ ਉਹ ਘੜੀ ਹੀ ਸੀ। ਘੜੀ ਜੇਬ ਵਿੱਚ ਪਾਈ ਤੇ ਇੱਕ ਪਾਸੇ ਜਾ ਬੈਠਾ।

ਮਹਾਂਪੁਰਖਾਂ ਨੇ ਕੀਰਤਨ ਅਰੰਭ ਕੀਤਾ। ਮਨੁੱਖਾ ਜਨਮ ਦੇ ਪ੍ਰਯੋਜਨ ਅਤੇ ਗੁਰਮਤਿ ਅਨੁਸਾਰ ਉਸਦੇ ਸਾਧਨ ਬਾਰੇ ਵਿਚਾਰ ਕੀਤੀ। ਸਮਾਪਤੀ ਹੋਈ ਤਾਂ ਕੁਝ ਪ੍ਰੇਮੀ ਇਸ ਭਾਵਨਾ ਨਾਲ ਕਿੰਗਰੀ ਵਾਲੇ ਨੂੰ ਲੱਭਣ ਲੱਗੇ ਕਿ ਉਸਨੂੰ ਪੈਸੇ ਦੇ ਕੇ ਘੜੀ ਲੈ ਲਈਏ ਅਤੇ ਮਹਾਂਪੁਰਖਾਂ ਨੂੰ ਭੇਟ ਕਰੀਏ ਪਰ ਉਹ ਲੱਭੇ ਹੀ ਨਾ। ਉੱਥੇ ਹੁੰਦਾ ਤਾਂ ਲੱਭਦਾ। ਉਹ ਤਾਂ ਜਾ ਚੁੱਕਾ ਸੀ। ਇਸ ਡਰ ਤੋਂ ਕਿ ਬਾਅਦ ਵਿੱਚ ਸੇਵਾਦਾਰ ਜਾਂ ਸੰਗਤ ਉਸ ਤੋਂ ਘੜੀ ਲੈ ਹੀ ਨਾ ਲੈਣ। ਜਿਸ ਮੁਕਤੀ ਦਾ ਉਸਨੇ ਬਹਾਨਾ ਬਣਾਇਆ ਸੀ, ਉਸਦੀ ਉਸਨੂੰ ਸਾਰ ਹੀ ਨਹੀਂ ਸੀ।

*—ਚਲਦਾ*

⌘⌘⌘

ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਦੀਆਂ ਕੀਰਤਨ ਵਿਚਾਰਾਂ ਵਿੱਚੋਂ ਬਚਨ

# ਅਧਿਆਤਮਿਕ ਵਿਚਾਰਾਂ

—ਸੰਪਾਦਕ

*ਲੜੀ ਜੋੜਨ ਲਈ ਪਿਛਲਾ ਅੰਕ ਦੇਖੋ ਜੀ :-*

**482**

**ਨਿਮਰਤਾ ਦਾ ਪੱਲਾ ਨਾ ਛੱਡਣਾ ਦਾਤ ਟਿਕੀ ਰਹੇਗੀ, ਜਦੋਂ ਦਾਤ ਟਿਕੀ ਰਹੇ ਤਾਂ ਅੱਗੋਂ ਵੰਡਦੇ ਰਹਿਣਾ।**

(ਨੌਂਵੇਂ ਪਾਤਸ਼ਾਹ ਜੀ ਨੇ ਭਾਈ ਘਨ੍ਹਈਆ ਜੀ ਨੂੰ ਜਦੋਂ ਦਰਗਾਹੀ ਦਾਤ ਦਿੱਤੀ ਤੇ ਇਹ ਬਚਨ ਕੀਤਾ ਸੀ।)

**483**

**ਦੋ ਚੀਜ਼ਾਂ ਬੰਦੇ ਨੂੰ ਅੱਗੇ ਨਹੀਂ ਵਧਣ ਦਿੰਦੀਆਂ, ਪਹਿਲੀ- ਪਰਾਈ ਤਾਤ (ਕਿਸੇ ਦੂਸਰੇ ਨਾਲ ਈਰਖਾ ਰੱਖਣੀ) ਤੇ ਦੂਸਰੀ- ਪਰਾਈ ਆਸ (ਦੂਸਰਿਆਂ ਤੇ ਡਿਪੈਂਡ ਹੋਣਾ)**

**484**

**ਜਦੋਂ ਕਦੀ ਬਿਪਤਾ ਦਾ ਸਮਾਂ ਬਣੇ ਗੁਰਬਾਣੀ ਦੇ ਪਾਠ ਦਾ ਨੇਮ ਵਧਾ ਦਿਓ, ਗੁਰਬਾਣੀ ਬਿਪਤਾ ਵਾਲੀ ਜਗ੍ਹਾ ਤੇ ਸਹਾਰਾ ਬਣ ਕੇ ਖਲੋ੍ ਜਾਂਦੀ ਹੈ।**

(ਬਚਨ ਧੰਨ ਧੰਨ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ)

ਹੋਲੇ ਮੱਹਲੇ ਨੂੰ ਸਮਰਪਿਤ

ਐਸੀ ਹੋਲੀ ਖੇਡ ਜੋ ਤੇਰੇ ਕਰਮ ਬਦਲ ਦੇਵੇ

# ਗੁਰਮਤਿ ਦੀ ਹੋਲੀ

ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਦੁਆਰਾ ਦਿੱਤੇ ਗਏ ਪ੍ਰੋਗਰਾਮ ਦਾ ਉਤਾਰਾ

*—ਜਸਵਿੰਦਰ ਸਿੰਘ ਪਟਿਆਲਾ*

*ਹੋਲੀ ਕੀਨੀ ਸੰਤ ਸੇਵ ॥*
*ਰੰਗੁ ਲਾਗਾ ਅਤਿ ਲਾਲ ਦੇਵ ॥੨॥*
*(ਅੰਗ ੧੧੮੦)*

ਸਾਰੀ ਸੰਗਤ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਪਿਆਰ ਵਿੱਚ ਗਜ ਕੇ ਆਖੋ ਸਤਿਨਾਮ ਸ੍ਰੀ ਵਾਹਿਗੁਰੂ ਜੀ।

*ਬਿਲਾਵਲੁ ਮਹਲਾ ੫ ॥*
*ਭੂਲੇ ਮਾਰਗੁ ਜਿਨਹਿ ਬਤਾਇਆ ॥*
*ਐਸਾ ਗੁਰੁ ਵਡਭਾਗੀ ਪਾਇਆ ॥੧॥*
*(ਅੰਗ ੮੦੩)*

ਉਸ ਗੁਰੂ ਤੋਂ ਕੁਰਬਾਨ ਜਾਈਏ ਜਿਸ ਗੁਰੂ ਨੇ ਤਿਉਹਾਰ ਮਨਾਉਣ ਦੀ ਵੀ ਜਾਚ ਸਿਖਾ ਦਿੱਤੀ। ਬਹੁਤ ਸੰਸਾਰ ਵਹਿਮਾਂ-ਭਰਮਾਂ ਵਿੱਚ ਫਸਿਆ ਪਿਆ ਸੀ। ਵੀਰਵਾਰ ਕੱਪੜੇ ਨਹੀਂ ਧੋਣੇ। ਮੰਗਲਵਾਰ ਨਹੁੰ ਨਹੀਂ ਕੱਟਣੇ। ਸ਼ਨੀਵਾਰ ਸਿਰ ਨਹੀਂ ਨਹਾਉਣਾ। ਇਨ੍ਹਾਂ ਸਾਰਿਆਂ ਵਾਰਾਂ ਦਾ ਜ਼ਿਕਰ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਆਉਂਦਾ ਹੈ। ਮਹਾਰਾਜ ਜੀ ਨੇ ਉਨ੍ਹਾਂ ਭੁੱਲਿਆਂ ਨੂੰ ਸਹੀ ਮਾਰਗ ਦਿਖਾਇਆ ਕਿ ਕੋਈ ਵੀ ਵਾਰ ਮਾੜਾ ਨਹੀਂ। ਜਿਸ ਦਿਨ ਤੂੰ ਨਿਤਨੇਮ ਨਹੀਂ ਕੀਤਾ, ਆਪਣੇ ਗੁਰੂ ਨੂੰ ਯਾਦ ਨਹੀਂ ਕੀਤਾ, ਉਹ ਦਿਨ ਤੇਰੇ ਲਈ ਮਾੜਾ ਹੈ। ਵਾਰ ਨਹੀਂ ਕੋਈ ਮਾੜਾ। ਜੇ ਤੂੰ ਨਾਮ ਨਾਲ ਨਹੀਂ ਜੁੜਿਆ। ਇਹ ਜਿੰਨੇ ਵੀ ਦੇਵੀ-ਦੇਵਤੇ ਨੇ ਜਾਂ ਪੀਰ-ਪੈਗੰਬਰ ਨੇ, ਇਹ ਕੋਈ ਜੀਵ ਦਾ ਮਾੜਾ ਨਹੀਂ ਕਰਦੇ। ਜੇ ਤੇਰੇ ਕੋਲ ਨਾਮ ਨਹੀਂ, ਤੇਰਾ ਉਹ ਦਿਨ ਸੁਹਾਗਣਾਂ ਵਾਲਾ ਨਹੀਂ ਹੈ। ਜੇ ਤੂੰ ਨਿਤਨੇਮ ਕੀਤਾ ਹੈ ਤੇ ਫਿਰ ਸਾਰਾ ਦਿਨ ਤੇਰੇ ਕਿਸੇ ਕੰਮ ਵਿੱਚ ਕੋਈ ਰੁਕਾਵਟ ਨਹੀਂ ਆਵੇਗੀ। ਭਾਵ ਤੇਰੇ ਦਿਨ ਦੇ ਸਾਰੇ ਕਾਰਜ ਗੁਰੂ ਸਾਹਿਬ ਆਪ ਸੰਵਾਰਣਗੇ, ਹਰ ਥਾਂ ਸਹਾਈ ਹੋਣਗੇ।

ਦਾਸ ਦੀ ਆਪਣੀ ਜ਼ਿੰਦਗੀ ਦਾ ਵੀ ਤਜਰਬਾ ਹੈ। ਇਹ ਦਾਸ ਨੇ ਆਪਣੀ ਜ਼ਿੰਦਗੀ 'ਚ ਵੀ ਕਈ ਵਾਰ ਵੇਖਿਆ ਹੈ, ਬਾਈ ਚਾਂਸ ਸਾਰੇ ਨੇਮਾਂ ਵਿੱਚੋਂ ਜੇ ਸੁਖਮਨੀ ਸਾਹਿਬ ਦਾ ਪਾਠ ਨਾ ਹੋਇਆ ਹੋਵੇ, ਦਾਸ ਦਾ ਕੋਈ ਕੰਮ ਸਿਰੇ ਹੀ ਨਹੀਂ ਲੱਗਦਾ। ਕਈ ਵਾਰ ਇਸ ਤਰ੍ਹਾਂ ਹੁੰਦਾ ਹੈ ਕਿ ਸੁਖਮਨੀ ਸਾਹਿਬ ਦਾ ਪਾਠ ਦਿਨੇ ਕਰ ਲਵਾਂਗੇ। ਫਿਰ ਇੱਕ ਸੁਭਾਅ ਹੈ ਕਿ ਛੇ ਅਸਟਪਦੀਆਂ ਹੀ ਕਰ ਲਈਏ, ਕਈ ਵਾਰ ਫੋਨ ਤੇ ਚੱਲ ਰਹੀਆਂ ਸੇਵਾਵਾਂ ਦੀਆਂ ਡਿਊਟੀਆਂ ਪਹਿਲਾਂ ਲਗਾਉਣੀਆਂ ਹੁੰਦੀਆਂ ਹਨ। ਛੇ ਅਸਟਪਦੀਆਂ ਹੀ ਕਰਕੇ, ਜੋ ਬਾਕੀ ਨੇਮ ਮਹਾਰਾਜ ਜੀ ਨੇ ਕਰਵਾਉਣਾ ਹੈ, ਕਰਵਾ ਕੇ, ਹੁਣ ਜਿਸ ਨੂੰ ਫੋਨ ਕਰਨਾ ਹੈ, ਉਸ ਨੇ ਮਿਲ ਜਾਣਾ ਹੈ। ਜਿਸ ਨੂੰ ਕੋਈ ਕੰਮ ਕਹਿਣਾ, ਉਸ ਨੇ ਕਰਨਾ ਹੈ। ਹੁਣ ਗੱਲ ਸਿੱਧੀ ਤੁਰੀ ਜਾਣੀ ਹੈ। ਇੱਕ ਆਪਣੇ ਅੰਦਰ ਨਿਸ਼ਚਾ ਬੱਝ ਗਿਆ ਹੈ ਕਿ ਜੇ ਸੁਖਮਨੀ ਸਾਹਿਬ ਦੀ ਬਾਣੀ ਨਹੀਂ ਪੜ੍ਹੀ, ਤੇਰਾ ਕੋਈ ਕੰਮ ਸਿਰੇ ਹੀ ਨਹੀਂ ਲੱਗਣਾ। ਦਿਨ ਮਾੜਾ ਨਹੀਂ ਕੋਈ ਵੀ। ਜਿਸ ਦਿਨ ਤੂੰ ਜੁੜਿਆ ਨਹੀਂ ਗੁਰਬਾਣੀ ਨਾਲ, ਫਿਰ ਉਹ ਦਿਨ ਤੇਰੇ ਲਈ ਮਾੜਾ ਹੈ। ਕੋਈ ਵਾਰ ਮਾੜਾ ਨਹੀਂ। ਜੇ ਤੇਰੇ ਪੱਲੇ ਨਾਮ ਦਾ ਕਿਨਕਾ ਨਹੀਂ, ਗੁਰੂ ਸਾਹਿਬ ਨਾਲ ਪਿਆਰ ਨਹੀਂ,

ਗੁਰੂ ਸਾਹਿਬ ਦੇ ਦਰਸ਼ਨ ਨਹੀਂ ਫਿਰ ਮੁਸ਼ਕਲਾਂ ਹੀ ਮੁਸ਼ਕਲਾਂ ਹਨ। ਇਹ ਕਲਗੀਧਰ ਪਾਤਸ਼ਾਹ ਜੀ ਤੋਂ ਬਲਿਹਾਰ ਜਾਈਏ ਜਿਨ੍ਹਾਂ ਨੇ ਭਰਮ ਕੱਢੇ। ਇਨ੍ਹਾਂ ਗੜ੍ਹਾਂ ਨੂੰ ਤੋੜਿਆ।

ਇੱਕ ਰੰਗੀ ਹੋਈ ਨੂੰਹ ਵਿਆਹ ਤੋਂ ਬਾਅਦ ਵੀਰਵਾਰ ਕੱਪੜੇ ਲੈ ਕੇ ਬੈਠ ਗਈ ਧੋਣ। ਸਾਰਾ ਪਰਿਵਾਰ ਗੁੱਸੇ। ਤੂੰ ਇਹ ਕੀ ਕੀਤਾ? ਅੱਜ ਸਾਡਾ ਕੋਈ ਨਾ ਕੋਈ ਨੁਕਸਾਨ ਹੋਣਾ ਹੀ ਹੈ। ਉਹ ਬੱਚੀ ਚੁੱਪ। ਉਹ ਬੱਚੀ ਸਾਰਾ ਦਿਨ ਅੰਦਰ ਜਪੁ ਜੀ ਸਾਹਿਬ ਪੜ੍ਹਦੀ ਰਹੀ ਤੇ ਅਰਦਾਸਾਂ ਕਰਦੀ ਰਹੀ ਕਿ ਮਹਾਰਾਜ ਜੀ, ਅੱਜ ਇਨ੍ਹਾਂ ਦਾ ਨੁਕਸਾਨ ਨਾ ਹੋਵੇ। ਇਨ੍ਹਾਂ ਦੇ ਮਨ ਅੰਦਰੋਂ ਵੀਰਵਾਰ ਦਾ ਭਰਮ ਨਿਕਲ ਜਾਵੇ। ਵਾਰ ਮਾੜੇ ਨਹੀਂ। ਜੇ ਤੂੰ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦਰਸ਼ਨ ਨਹੀਂ ਕੀਤੇ, ਨਿਤਨੇਮ ਨਹੀਂ ਕੀਤਾ, ਫਿਰ ਦਿਨ ਮਾੜਾ ਹੈ। ਜਾਂ ਤੂੰ ਵਾਹਿਗੁਰੂ ਦੀ ਓਟ ਲੈ ਕੇ ਨਹੀਂ ਚੱਲਿਆ, ਫਿਰ ਦਿਨ ਮਾੜਾ ਹੈ।

ਅਗਰ ਤੁਸੀਂ ਕਿਸੇ ਸਤਿਸੰਗਤ ਵਿੱਚ ਜਾਂਦੇ ਹੋ, ਫਿਰ ਜਦੋਂ ਸੰਗਤ ਕਰਕੇ ਵਾਪਸ ਆਉਂਦੇ ਹੋ, ਜੇ ਤੁਹਾਡੇ ਘਰ ਵਿੱਚ ਸਤਿਗੁਰੂ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਬਿਰਾਜਮਾਨ ਹਨ। ਗੁਰੂ ਸਾਹਿਬ ਦਾ ਕਮਰਾ ਹੈ। ਪਹਿਲੇ ਉੱਥੇ ਜਾਇਆ ਕਰੋ। ਪੰਜ ਪਉੜੀਆਂ ਪੜ੍ਹ ਕੇ ਇੰਨਾ ਹੀ ਕਹਿ ਦਿਆ ਕਰੋ ਕਿ ਸਤਿਗੁਰੂ ਜੀ, ਸ਼ੁਕਰ ਹੈ, ਡੇਢ-ਦੋ ਘੰਟੇ ਕੀਰਤਨ ਵਿੱਚ ਬਿਠਾਇਆ ਹੈ। ਫਿਰ ਤੁਹਾਡਾ ਬੈਠਿਆ ਦਰਗਾਹ ਵਿੱਚ ਜਮ੍ਹਾਂ ਹੋ ਜਾਵੇਗਾ। ਜਿਵੇਂ ਪਿਤਾ ਘਰ ਬੈਠਾ ਹੁੰਦਾ ਹੈ ਤੇ ਉਡੀਕ ਰਿਹਾ ਹੁੰਦਾ ਹੈ ਕਿ ਮੇਰਾ ਬੱਚਾ ਆ ਰਿਹਾ ਹੈ। ਜਿਵੇਂ ਕੋਈ ਵੱਡਾ ਘਰ ਵਿੱਚ ਬੈਠਾ ਹੈ ਮਾਤਾ ਹੋਵੇ ਜਾਂ ਪਿਤਾ ਹੋਵੇ ਤੇ ਉਨ੍ਹਾਂ ਦੇ ਕਮਰੇ ਵਿੱਚ ਜਾਈਏ ਹੀ ਨਾ ਤੇ ਇਹ ਠੀਕ ਨਹੀਂ। ਜੇ ਸਤਿਗੁਰੂ ਜੀ ਦਾ ਪ੍ਰਕਾਸ਼ ਨਹੀਂ ਤੇ ਜਿੱਥੇ ਵੀ ਤੁਸੀਂ ਸੈਂਚੀਆਂ ਲਗਾਈਆਂ ਹਨ, ਕੋਈ ਆਸਣ ਜਾਂ ਜਗ੍ਹਾ ਗੁਰੂ ਸਾਹਿਬ ਦੇ ਪਿਆਰ ਵਿੱਚ ਬਣਾਈ ਹੈ, ਜਿੱਥੇ ਗੁਟਕਾ ਸਾਹਿਬ ਰੱਖੇ ਹਨ ਜਾਂ ਸ਼ਸਤਰ ਰੱਖੇ ਹਨ ਉਨ੍ਹਾਂ ਨੂੰ ਨਮਸਕਾਰ ਕਰਕੇ ਪੰਜ ਪਉੜੀਆਂ ਪੜ੍ਹ ਕੇ ਕਹਿ ਦੇ, ਮਹਾਰਾਜ ਜੀ, ਸ਼ੁਕਰ ਹੈ, ਆਪ ਜੀ ਨੇ ਕੀਰਤਨ ਵਿੱਚ ਬਿਠਾਇਆ ਹੈ, ਹਾਜ਼ਰੀ ਲਗਵਾਈ ਹੈ। ਇਸੇ ਤਰ੍ਹਾਂ ਤੁਰਨ ਲੱਗਿਆ ਚੌਪਈ ਸਾਹਿਬ ਜਾਂ ਪੰਜ ਪਉੜੀਆਂ ਪੜ੍ਹ ਕੇ, ਅਰਦਾਸ ਕਰਕੇ ਘਰੋਂ ਤੁਰੋਂ ਦਾਸ ਇਹ ਗੁਰੂ ਸਾਹਿਬ ਦੇ ਭਰੋਸੇ ਨਾਲ ਕਹਿ ਰਿਹਾ ਹੈ, ਜੇ ਤੂੰ ਉਸ ਦਾ ਓਟ ਆਸਰਾ ਲੈ ਕੇ ਤੁਰਿਆ ਹੈਂ, ਜੇ ਕਰਮਾਂ ਵਿੱਚ ਐਕਸੀਡੈਂਟ ਵੀ ਲਿਖਿਆ ਹੈ, ਸੂਲੀ ਦਾ ਕੰਢਾ ਹੀ ਬਣੇਗਾ। ਵਾਰ ਮਾੜੇ ਨਹੀਂ। ਜੇ ਤੂੰ ਓਟ ਨਹੀਂ ਲਈ, ਫਿਰ ਉਹ ਦਿਨ ਤੇਰੇ ਲਈ ਮਾੜਾ ਹੈ। ਇਹ ਮੇਰੇ ਮਹਾਰਾਜ ਜੀ ਨੇ ਵਾਰਾਂ ਦਾ ਜ਼ਿਕਰ, ਫਿਰ ਮਹੀਨਿਆਂ ਦਾ ਜ਼ਿਕਰ, ਭਰਮ ਤੋੜੇ।

*ਚੇਤਿ ਗੋਵਿੰਦੁ ਅਰਾਧੀਐ ਹੋਵੈ ਅਨੰਦੁ ਘਣਾ ॥*

*(ਅੰਗ ੧੩੩)*

*ਸਲੋਕ ਮ: ੩ ॥*

*ਸਾਵਣਿ ਸਰਸੀ ਕਾਮਣੀ ਗੁਰ ਸਬਦੀ ਵੀਚਾਰਿ ॥*

*(ਅੰਗ ੧੨੮੫)*

ਸਾਵਣ ਮਨਾਉਣਾ ਨਿਰਾ ਇਹ ਨਹੀਂ ਕਿ ਝੂਟੇ ਲੈ ਲਏ। ਸਾਵਣ ਮਨਾਉਣਾ ਨਿਰਾ ਇਹ ਨਹੀਂ ਕਿ ਹਾਰ ਸ਼ਿੰਗਾਰ ਕਰ ਲਏ, ਖਾ ਪੀ ਲਿਆ। ਸਾਵਣ ਨਿਰਾ ਇਹ ਨਹੀਂ ਕਿ ਪੇਕੇ ਚਲੇ ਗਏ। ਸਾਵਣ ਨਿਰਾ ਇਹ ਨਹੀਂ ਕਿ ਰੰਗ ਮਾਣ ਲਏ। ਮਹਾਰਾਜ ਜੀ ਨੇ ਮਨਾਉਣ ਦੀ ਜਾਚ ਦੱਸੀ।

*ਸਾਵਣੁ ਤਿਨਾ ਸੁਹਾਗਣੀ ਜਿਨ ਰਾਮ ਨਾਮੁ ਉਰਿ ਹਾਰੁ ॥੬॥*

*(ਅੰਗ ੧੩੪)*

*ਬਿਲਾਵਲੁ ਮਹਲਾ ੫ ॥*

*ਭੂਲੇ ਮਾਰਗੁ ਜਿਨਹਿ ਬਤਾਇਆ ॥*

*ਐਸਾ ਗੁਰੁ ਵਡਭਾਗੀ ਪਾਇਆ ॥੧॥*

*(ਅੰਗ ੮੦੩)*

ਮਹੀਨੇ ਮਨਾਉਣ ਦੀ ਜਾਚ ਸਿਖਾਈ। ਮਹੀਨੇ ਮਨਾਉਣ ਦਾ ਮਤਲਬ ਕੀ ਹੈ। ਇਸੇ ਤਰ੍ਹਾਂ ਇਹ ਜਿਹੜੇ ਤਿਉਹਾਰ, ਉਹ ਵੀ ਮਨਾਉਣ ਦੀ ਮਹਾਰਾਜ ਜੀ ਨੇ ਜਾਚ ਦੱਸੀ। ਇਕ ਦੂਜੇ ਤੇ ਰੰਗ ਪਾਉਣਾ, ਹੋਲੀ ਹੈ ਜੀ। ਹੌਲੀ-ਹੌਲੀ ਇਹ ਚੀਜ਼ ਜ਼ੋਰ ਫੜਦੀ ਗਈ, ਕਾਲੇ ਰੰਗ ਦਾ ਪਾਣੀ ਘੋਲ ਕੇ ਕਈ ਜਗ੍ਹਾ ਉਹ ਪਾਉਂਦੇ ਹਨ। ਕਈ ਇੱਕ ਦੂਜੇ ਤੇ ਆਂਡੇ ਮਾਰੀ ਜਾਂਦੇ ਹਨ। ਤੁਸੀਂ ਕਈ ਸ਼ਹਿਰ ਵੇਖੋ, ਗੰਦਗੀ ਸੁੱਟੀ ਜਾਂਦੀ ਹੈ ਤੇ ਗੁਰੂ ਮਹਾਰਾਜ ਜੀ ਕਹਿੰਦੇ, ਆ ਦੱਸਾਂ, ਹੋਲੀ ਕਿਵੇਂ ਖੇਡੀਦੀ ਹੈ? ਸਤਿਗੁਰੂ ਜੀ ਗੁਰਮਤਿ ਅਨੁਸਾਰ ਹੋਲੀ ਖੇਡਣ ਦੀ ਜਾਚ ਸਿਖਾਉਂਦੇ ਹਨ। ਸਤਿਗੁਰੂ ਜੀ ਕਹਿੰਦੇ, ਹੋਲੀ ਖੇਡ ਇਵੇਂ ਸੰਗਤਾਂ ਦੇ ਜੋੜਿਆਂ ਨੂੰ ਝਾੜ, ਸੰਗਤ ਦੀ ਚਰਨ ਧੂੜੀ ਆਪਣੇ ਮਸਤਕ ਤੇ ਲਗਾ। ਇਹੋ ਜਿਹੀ ਹੋਲੀ ਤੇਰੇ ਕਰਮ ਬਦਲਾ ਦੇਵੇਗੀ।

*ਹੋਲੀ ਕੀਨੀ ਸੰਤ ਸੇਵ ॥*

*(ਅੰਗ ੧੧੮੦)*

ਸੰਤ ਦਾ ਅਰਥ ਹੈ, ਮਹਾਂਪੁਰਸ਼, ਬੰਦਗੀ ਵਾਲਾ। ਸੰਗਤ ਵਿੱਚ ਪਤਾ ਨਹੀਂ ਕਿਹੜਾ ਬਖਸ਼ਿਆ ਹੋਵੇ। ਸੰਗਤ ਦੀ ਖੁਸ਼ੀ ਲੈ। ਸੰਗਤ ਦੇ ਜੋੜਿਆਂ ਦੀ ਧੂੜੀ ਲੈ। ਉਸ ਵਿੱਚ ਹੋਲੀ ਖੇਡ। ਜਿਸ ਦਿਨ ਹੋਲੀ ਦਾ ਤਿਉਹਾਰ ਹੋਵੇ, ਮਨ ਵਿੱਚ ਧਾਰ ਉਸ ਦਿਨ ਸੰਗਤਾਂ ਦੇ ਜੋੜੇ ਝਾੜਨੇ ਹਨ। ਉਸ ਦਿਨ ਧੂੜੀ ਵਿੱਚ ਨਹਾਉਣਾ ਹੈ, ਧੂੜੀ ਮੱਥੇ ਨੂੰ ਲਗਾਉਣੀ ਹੈ। ਕਿੰਨੀ ਉੱਚੀ ਗੁਰਮਤਿ ਹੈ। ਵਾਕਿਆ ਹੀ ਸਿੱਖ ਕਈਆਂ ਤੋਂ ਪੰਜ ਜਨਮ ਅੱਗੇ ਹੈ।

*ਸਭ ਦੂ ਵਡੇ ਭਾਗ ਗੁਰਸਿਖਾ ਕੇ*
*ਜੋ ਗੁਰ ਚਰਣੀ ਸਿਖ ਪੜਤਿਆ ॥੧੮॥*

*(ਅੰਗ ੬੪੯)*

ਇਸ ਤਰ੍ਹਾਂ ਤਿਉਹਾਰਾਂ ਨੂੰ ਮਨਾਉਣ ਦੀ ਜਾਚ ਦੱਸ ਦਿੱਤੀ, ਸਤਿਗੁਰੂ ਜੀ ਨੇ। ਬਸੰਤ ਕਿਹੜੀ ਹੁੰਦੀ ਹੈ? ਵਰਤ ਕਿਹੜੇ ਹੁੰਦੇ ਹਨ? ਇਸੇ ਤਰ੍ਹਾਂ ਸਤਿਗੁਰੂ ਜੀ ਨੇ ਹੋਲੀ ਮਨਾਉਣ ਦੀ ਵੀ ਜਾਚ ਦੱਸ ਦਿੱਤੀ :

*ਹੋਲੀ ਕੀਨੀ ਸੰਤ ਸੇਵ ॥*

ਇਹ ਹੋਲੀ ਤੈਨੂੰ ਕੀ ਕਰੇਗੀ?

*ਰੰਗੁ ਲਾਗਾ ਅਤਿ ਲਾਲ ਦੇਵ ॥੨॥*

*(ਅੰਗ ੧੧੮੦)*

*ਮੇਰੇ ਮਾਧਉ ਜੀ ਸਤਸੰਗਤਿ ਮਿਲੇ ਸੁ ਤਰਿਆ ॥*
*ਗੁਰ ਪਰਸਾਦਿ ਪਰਮ ਪਦੁ ਪਾਇਆ*
*ਸੂਕੇ ਕਾਸਟ ਹਰਿਆ ॥੧॥ ਰਹਾਉ ॥*

*(ਅੰਗ ੧੦)*

ਐਸੀ ਹੋਲੀ ਖੇਡ।

*ਹੋਲੀ ਕੀਨੀ ਸੰਤ ਸੇਵ ॥*

*(ਅੰਗ ੧੧੮੦)*

ਇਹ ਕਿੰਨੀ ਉੱਚੀ ਹੋਲੀ ਹੈ। ਮਹਾਰਾਜ ਜੀ ਕਹਿੰਦੇ, ਇਹੋ ਜਿਹੀ ਹੋਲੀ ਖੇਡ ਕਿ ਕਲਗੀਧਰ ਪਿਤਾ ਜੀ ਤੇਰੇ ਕੰਮ ਆਪ ਕਰਨ। ਜਿੱਥੇ ਰੱਬ ਨੌਕਰੀ ਕਰਦਾ ਹੈ। ਸੈਣ ਜੀ ਨੇ ਕਿਹੜੀ ਹੋਲੀ ਖੇਡੀ ਸੀ :

*ਸੁਣਿ ਪਰਤਾਪੁ ਕਬੀਰ ਦਾ ਦੂਜਾ ਸਿਖ ਹੋਆ ਸੈਣੁ ਨਾਈ।*
*ਪ੍ਰੇਮਿ ਭਗਤਿ ਰਾਤੀ ਕਰੈ ਭਲਕੈ ਰਾਜ ਦੁਆਰੈ ਜਾਈ।*

*(ਵਾਰ : ੧੦, ਪਉੜੀ ੧੬)*

ਕਿਹੜੀ ਹੋਲੀ ਖੇਡੀ :

*ਆਏ ਸੰਤ ਪਰਾਹੁਣੇ ਕੀਰਤਨੁ ਹੋਆ ਰੈਣਿ ਸਬਾਈ।*

*(ਵਾਰ : ੧੦, ਪਉੜੀ ੧੬)*

ਭਗਤ ਸੈਣ ਜੀ ਵੀ ਜੁੜ ਗਏ। ਕੀਰਤਨ ਹੋ ਰਿਹਾ ਹੈ। ਸੰਤ ਆ ਗਏ। ਸੰਗਤਾਂ ਆ ਗਈਆਂ। ਸਾਰੇ ਨਾਮ ਦੀ ਹੋਲੀ ਖੇਡਣ ਲੱਗ ਪਏ।

*ਛਡਿ ਨ ਸਕੈ ਸੰਤ ਜਨ ਰਾਜ ਦੁਆਰਿ ਨ ਸੇਵ ਕਮਾਈ।*

*(ਵਾਰ : ੧੦, ਪਉੜੀ ੧੬)*

ਇੱਕ ਰਾਜੇ ਦੀ ਨੌਕਰੀ ਸੀ। ਬੜਾ ਟਾਈਮ ਸਿਰ

ਪਹੁੰਚਣਾ ਪੈਂਦਾ ਹੈ ਪਰ ਅੱਜ ਹੋਲੀ ਖੇਡਣ ਲੱਗ ਪਿਆ, ਸੰਤਾਂ ਮਹਾਂਪੁਰਸ਼ਾਂ ਦੇ ਕੀਰਤਨ ਵਿੱਚ ਰੰਗਿਆ ਗਿਆ। ਇਹ ਹੋਲੀ ਖੇਡੀ ਕਿ ਰੱਬ ਨੌਕਰੀ ਕਰਨ ਲੱਗਾ :

*ਸੈਣ ਰੂਪਿ ਹਰਿ ਜਾਇ ਕੈ ਆਇਆ ਰਾਣੈ ਨੋ ਰੀਝਾਈ।*

*(ਵਾਰ : ੧੦, ਪਉੜੀ ੧੬)*

ਹਰੀ ਆਪ ਪਹੁੰਚ ਗਿਆ। ਮੇਰਾ ਪਿਆਰਾ ਨਾਮ ਦੀ ਹੋਲੀ ਖੇਡ ਰਿਹਾ ਹੈ, ਸਤਿਸੰਗਤ ਵਿੱਚ।

*ਸਾਧ ਜਨਾਂ ਨੋ ਵਿਦਾ ਕਰਿ ਰਾਜ ਦੁਆਰਿ ਗਇਆ ਸਰਮਾਈ।*
*ਰਾਣੈ ਦੂਰਹੁੰ ਸਦਿ ਕੈ ਗਲਹੁੰ ਕਵਾਇ ਖੋਲਿ ਪੈਨ੍ਹਾਈ।*

*(ਵਾਰ : ੧੦, ਪਉੜੀ ੧੬)*

ਭਗਤ ਸੈਣ ਜੀ ਸੋਚਣ ਲੱਗੇ ਕਿ ਅੱਜ ਝਿੜਕਾਂ ਪੈਣਗੀਆਂ ਕਿਉਂਕਿ ਰਾਜੇ ਦੀ ਨੌਕਰੀ ਤੇ ਨਹੀਂ ਪਹੁੰਚ ਪਾਇਆ। ਇਹ ਨਹੀਂ ਪਤਾ ਕਿ ਅੱਜ ਤੂੰ ਸੰਤਾਂ, ਮਹਾਂਪੁਰਸ਼ਾਂ ਦੇ ਕੀਰਤਨ ਵਿੱਚ ਬੈਠਾ ਹੈਂ। ਤੇਰੀ ਜਗ੍ਹਾ ਅੱਜ ਰੱਬ ਨੇ ਆਪ ਆ ਕੇ ਮਾਲਿਸ਼ ਕੀਤੀ ਹੈ ਰਾਜੇ ਦੀ :

*ਵਸਿ ਕੀਤਾ ਹਉਂ ਤੁਧੁ ਅਜੁ ਬੋਲੈ ਰਾਜਾ ਸੁਣੈ ਲੁਕਾਈ।*

*(ਵਾਰ : ੧੦, ਪਉੜੀ ੧੬)*

ਰਾਜਾ ਭਗਤ ਸੈਣ ਜੀ ਨੂੰ ਕਹਿਣ ਲੱਗਾ ਅੱਜ ਤੁਸੀਂ ਕਿਹੋ ਜਿਹੀ ਮਾਲਿਸ਼ ਕੀਤੀ ਹੈ ਮੇਰੇ ਗੋਡਿਆਂ ਦੀਆਂ ਦਰਦਾਂ ਹੀ ਮੁੱਕ ਗਈਆਂ ਹਨ। ਵੱਡੇ ਬੰਦਿਆਂ ਦੀਆਂ ਦਰਦ ਜ਼ਿਆਦਾ ਹੁੰਦੀਆਂ ਹਨ। ਰੱਬ ਨੇ ਮਾਲਿਸ਼ ਕੀਤੀ ਹੈ, ਰੋਗ ਕਿੱਥੋਂ ਰਹਿਣੇ ਸੀ। ਅੱਜ ਕਿਹੋ ਜਿਹੀ ਮਾਲਿਸ਼ ਕੀਤੀ ਹੈ। ਭਗਤ ਸੈਣ ਜੀ ਸਮਝ ਗਏ ਕਿ ਅੱਜ ਮੈਂ ਜਿੱਥੇ ਨਾਮ ਦੀ ਸਤਿਸੰਗਤ ਵਿੱਚ ਹੋਲੀ ਖੇਡ ਕੇ ਆਇਆ ਹਾਂ :

*ਆਏ ਸੰਤ ਪਰਾਹੁਣੇ ਕੀਰਤਨੁ ਹੋਆ ਰੈਣਿ ਸਬਾਈ।*

*(ਵਾਰ : ੧੦, ਪਉੜੀ ੧੬)*

ਭਗਤ ਜੀ ਸੋਚਣ ਲੱਗੇ ਕਿ ਮੈਂ ਤਾਂ ਸੋਚਿਆ ਸੀ ਕਿ ਅੱਜ ਰਾਜੇ ਦੇ ਦਰਬਾਰ ਵਿੱਚ ਝਿੜਕਾਂ ਪੈਣਗੀਆਂ, ਮੈਂ ਡਿਊਟੀ ਤੇ ਆਇਆ ਨਹੀਂ ਪਰ ਅੱਜ ਮੇਰੀ ਜਗ੍ਹਾ ਡਿਊਟੀ ਕੋਈ ਕਰ ਗਿਆ ਹੈ। ਮਨ ਵਿੱਚ ਧਾਰ ਲਿਆ ਜਿਸ ਨੇ ਮੇਰੀ ਜਗ੍ਹਾ ਨੌਕਰੀ ਕੀਤੀ ਹੈ, ਅੱਜ ਤੋਂ ਬਾਅਦ ਮੈਂ ਉਸ ਦੀ ਹੀ ਨੌਕਰੀ ਕਰਨੀ ਹੈ। ਸੰਤ ਅਤਰ ਸਿੰਘ ਜੀ ਵਾਲਾ ਹਿਸਾਬ।

ਫੌਜ ਵਿੱਚ ਹੁੰਦੇ ਸੀ ਸੰਤ ਅਤਰ ਸਿੰਘ ਜੀ ਮਸਤੂਆਣਾ ਸਾਹਿਬ ਵਾਲੇ। ਇੱਕ ਦਿਨ ਇਹ ਵੀ ਜੁੜ ਗਏ ਸਮਾਧੀ ਵਿੱਚ, ਲਿਵ ਲੱਗ ਗਈ। ਜਦੋਂ ਸੰਤ ਅਤਰ ਸਿੰਘ ਜੀ ਡਿਊਟੀ ਤੇ ਲੇਟ ਪਹੁੰਚੇ ਤੇ ਸੋਚਿਆ ਕੀ ਬਣੇਗਾ? ਫੌਜ ਵਿੱਚ ਸਖਤੀ ਬੜੀ ਹੁੰਦੀ ਹੈ। ਮਨ ਡਰੇ, ਸੰਤ ਅਤਰ ਸਿੰਘ ਜੀ ਦਾ। ਜਾ ਕੇ ਅਫਸਰ ਨੂੰ ਕਹਿੰਦੇ, ਮੈਂ ਅੱਜ ਆਪਣੀ ਡਿਊਟੀ ਤੇ ਨਹੀਂ ਸੀ। ਉਹ ਕਹਿੰਦੇ ਕਿ ਸੰਤ ਜੀ, ਕਿਉਂ ਮਜ਼ਾਕ ਕਰਦੇ ਪਏ ਹੋ? ਆਏ ਤਾਂ ਸੀ ਤੁਸੀਂ। ਸਾਈਨ ਵੀ ਹੋਏ ਪਏ ਹਨ। ਸਾਈਨ ਕਰਨੇ ਪੈਂਦੇ ਹਨ। ਸੰਤ ਜੀ ਆਏ ਵੀ ਹੋ, ਪਰੇਡ ਵੀ ਕੀਤੀ ਹੈ। ਸੰਤ ਅਤਰ ਸਿੰਘ ਜੀ ਨੇ ਜਾਣ ਲਿਆ ਕਿ ਵਾਹਿਗੁਰੂ ਨੇ ਜਿੱਥੇ ਮੈਨੂੰ ਜੋੜ ਲਿਆ ਹੈ। ਅੱਜ ਮੇਰੀ ਜਗ੍ਹਾ ਉਹ ਆਪ ਵਾਹਿਗੁਰੂ ਡਿਊਟੀ ਦੇ ਗਿਆ ਹੈ, ਫੌਜ ਦੀ। ਫਿਰ ਮਨ ਵਿੱਚ ਧਾਰ ਲਿਆ ਕਿ ਜਿਸ ਨੇ ਮੇਰੀ ਜਗ੍ਹਾ ਨੌਕਰੀ ਕੀਤੀ ਹੈ, ਅੱਜ ਤੋਂ ਬਾਅਦ ਮੈਂ ਵੀ ਉਸ ਦੀ ਨੌਕਰੀ ਕਰਨੀ ਹੈ। ਐਸੀ ਹੋਲੀ ਦੱਸਦੇ ਹਨ, ਕਲਗੀਧਰ ਪਿਤਾ ਜੀ ਕਿ ਐਸੀ ਹੋਲੀ ਖੇਡ ਕਿ ਮਾਲਕ ਤੇਰੀ ਨੌਕਰੀ ਕਰਨ ਲੱਗ ਪਵੇਗਾ :

*ਵਸਿ ਕੀਤਾ ਹਉਂ ਤੁਧੁ ਅਜੁ ਬੋਲੈ ਰਾਜਾ ਸੁਣੈ ਲੁਕਾਈ।*
*ਪਰਗਟੁ ਕਰੈ ਭਗਤਿ ਵਡਿਆਈ ॥੧੬॥*

*(ਵਾਰ : ੧੦, ਪਉੜੀ ੧੬)*

*ਹੋਲੀ ਕੀਨੀ ਸੰਤ ਸੇਵ ॥*

*(ਅੰਗ ੧੧੮੦)*

ਗੱਜ ਕੇ ਆਖੋ ਸਤਿਨਾਮ ਸ੍ਰੀ ਵਾਹਿਗੁਰੂ ਜੀ। ਇਹੋ ਜਿਹੀ ਹੋਲੀ ਖੇਡ, ਤੈਨੂੰ ਰੰਗ ਲੱਗ ਜਾਵੇ। ਹੁਣ ਤੁਸੀਂ ਪੁੱਛੋ ਮਹਾਰਾਜ, ਕਿੰਨਾ ਕੁ ਚਿਰ ਖੇਡਾਂ।

*ਕਬੀਰ ਏਕ ਘੜੀ ਆਧੀ ਘਰੀ ਆਧੀ ਹੂੰ ਤੇ ਆਧ ॥*
*ਭਗਤਨ ਸੇਤੀ ਗੋਸਟੇ ਜੋ ਕੀਨੇ ਸੋ ਲਾਭ ॥੨੩੨॥*
*(ਅੰਗ ੧੩੭੭)*

ਮਹਾਰਾਜ ਜੀ ਕਹਿੰਦੇ, ਰੱਬ ਦੇ ਰੰਗੇ ਦੀ ਸੰਗਤ ਤੈਨੂੰ 24 ਮਿੰਟ ਹੋ ਜਾਵੇ। ਇੱਕ ਘੜੀ 24 ਮਿੰਟ ਦੀ ਹੁੰਦੀ ਹੈ। ਉਹ ਕਿਧਰੇ 12 ਮਿੰਟ ਹੀ ਹੋ ਜਾਵੇ। ਅੱਧੀ ਘੜੀ ਹੀ ਹੋ ਜਾਵੇ। ਕਹਿੰਦੇ ਛੇ ਮਿੰਟ ਹੀ ਹੋ ਜਾਵੇ। ਪਤਾ ਨਹੀਂ, ਉਹ ਛੇ ਮਿੰਟ ਦੀ ਸੰਗਤ ਤੇਰੇ ਜੀਵਨ ਨੂੰ ਬਦਲ ਦੇਵੇ।

ਇੱਕ ਵਾਰ ਸੁੰਦਰ ਸਿੰਘ ਜੀ ਮਜੀਠੀਆ ਬਾਬਾ ਨੰਦ ਸਿੰਘ ਜੀ ਦੇ ਦਰਸ਼ਨ ਕਰਨ ਗਏ। ਜਾਣ ਲੱਗੇ ਵਾਪਸ ਤੇ ਸੁੰਦਰ ਸਿੰਘ ਜੀ ਮਜੀਠੀਆ ਕਹਿਣ ਲੱਗੇ ਕਿ ਬਾਬਾ ਜੀ, ਕਿਸੇ ਦਫਤਰ ਵਿੱਚ ਕੋਈ ਕੰਮ ਹੋਵੇ ਤੇ ਦੱਸਣਾ। ਬਾਬਾ ਨੰਦ ਸਿੰਘ ਜੀ ਹੱਸ ਪਏ। ਕਹਿੰਦੇ ਸਾਨੂੰ ਕੀ ਕੰਮ ਪੈਣਾ ਹੈ। ਮਾਇਆ ਨੂੰ ਅਸੀਂ ਹੱਥ ਨਹੀਂ ਲਗਾਉਂਦੇ, ਜੇਬਾ ਅਸੀਂ ਚੋਲੇ ਨੂੰ ਲਵਾਇਆ ਨਹੀਂ, ਇਕੱਲੀ ਔਰਤ ਨੂੰ ਮਿਲਦੇ ਨਹੀਂ, ਇਕੱਠ ਵਿੱਚ ਅਸੀਂ ਜਾਂਦੇ ਨਹੀਂ, ਸਿਰੋਪਾ ਅਸੀਂ ਪਵਾਉਂਦੇ ਨਹੀਂ। ਬੜੇ ਤਕੜੇ ਬੈਨ ਬਾਬਾ ਜੀ ਨੇ ਆਪਣੇ ਉੱਪਰ ਲਗਾਏ ਹੋਏ ਸੀ।

*ਨਾਨਕ ਕੈ ਘਰਿ ਕੇਵਲ ਨਾਮੁ ॥੪॥੪॥*
*(ਅੰਗ ੧੧੩੬)*

ਸੁੰਦਰ ਸਿੰਘ ਜੀ ਨੇ ਜੋ ਪ੍ਰਸ਼ਾਦ ਦੇਣਾ ਸੀ ਅੱਗੇ ਰੱਖਿਆ ਤੇ ਕਮਰੇ ਵਿੱਚ ਬਿਹੰਗਮ ਆ ਗਿਆ। ਇੱਕ ਅੱਧਾ ਮਿੰਟ ਬੀਤ ਗਿਆ ਤੇ ਫਿਰ ਤੁਰਨ ਲੱਗਿਆਂ, ਸੁੰਦਰ ਸਿੰਘ ਮਜੀਠੀਆ ਦੇ ਮੁੱਖ ਵਿੱਚੋਂ ਬਚਨ ਨਿਕਲ ਆਇਆ, ਬਾਬਾ ਜੀ ਕਿਸੇ ਮਹਿਕਮੇ ਵਿੱਚ ਕੰਮ ਹੋਵੇ ਤੇ ਦੱਸਣਾ। ਬੰਦਾ ਜਿਵੇਂ ਉੱਠਣ ਲੱਗਿਆਂ ਅੱਧਾ ਖੜ੍ਹਾ ਵੀ ਹੋ ਜਾਂਦਾ ਹੈ। ਚੰਗਾ ਮਹਾਂਪੁਰਸ਼ੋ, ਮੈਨੂੰ ਆਗਿਆ ਦੇਵੋ। ਤੁਸੀਂ ਆਪਣੀ ਗੱਲ ਕਰੋ ਸੇਵਾਦਾਰ ਨਾਲ। ਕੋਈ ਕੰਮ ਹੋਵੇ ਤੇ ਦੱਸਣਾ, ਮੇਰੀ ਸਰਕਾਰੇ-ਦਰਬਾਰੇ ਚੱਲਦੀ ਹੈ। ਇਹ ਇੱਕ ਗੱਲ, ਇੱਕ ਰਮਜ਼ ਤੁਸੀਂ ਲੋਕ ਸਮਝ ਪਾਓ। ਕਈ ਵਾਰ ਕੋਈ ਗੱਲ ਬਾਰ-ਬਾਰ ਹੋਵੇ ਜਿਹੜਾ ਜੁੜਿਆ ਬੰਦਾ ਹੈ, ਉਹ ਇੰਝ ਸਮਝਦਾ ਹੈ, ਰੱਬ ਬੁਲਾ ਰਿਹਾ ਹੈ। ਕੋਈ ਕਾਰਨ ਹੈ ਇਸ ਦਾ। ਇਹ ਬੜੀ ਡੂੰਘੀ ਗੱਲ ਹੈ। ਕਈ ਵਾਰ ਕਿਸੇ ਜਗ੍ਹਾ ਤੇ ਤੁਸੀਂ ਨਹੀਂ ਚਾਹੁੰਦੇ, ਇਹ ਜਵਾਬ ਦੇਣਾ, ਫਲਾਣੇ ਨੂੰ। ਫਿਰ ਬਾਰ-ਬਾਰ ਉਹ ਗੱਲ ਹੋਵੇ ਤੇ ਜਿਵੇਂ ਉਸ ਦਾ ਹੁਕਮ ਹੁੰਦਾ ਹੈ। ਉਹ ਬੁਲਵਾ ਰਿਹਾ ਹੁੰਦਾ ਹੈ। ਬਾਬਾ ਜੀ ਕਹਿਣ ਲੱਗੇ, ਤਿੰਨ ਵਾਰ ਕਹਿ ਦਿੱਤਾ ਹੈ, ਇੰਝ ਲੱਗਦਾ ਹੈ, ਗੁਰੂ ਨਾਨਕ ਮਹਾਰਾਜ ਜੀ ਬੁਲਾ ਰਹੇ ਹਨ। ਜ਼ਮੀਨ ਤੇ ਹੱਥ ਮਾਰਿਆ ਬਾਬਾ ਨੰਦ ਸਿੰਘ ਜੀ ਨੇ ਤੇ ਕਹਿਣ ਲੱਗੇ, ਬੈਠ ਜਾਓ ਸੁੰਦਰ ਸਿੰਘ ਮਜੀਠੀਆ ਜੀ। ਕੰਮ ਹੁਣੇ ਹੀ ਹੈ। ਸੁੰਦਰ ਸਿੰਘ ਮਜੀਠੀਆ ਕਹਿਣ ਲੱਗੇ, ਬਾਬਾ ਜੀ, ਕਿਹੜੇ ਮਹਿਕਮੇ ਵਿੱਚ ਕੰਮ ਹੈ। ਹੁਕਮ ਕਰੋ। ਬਾਬਾ ਜੀ ਕਹਿਣ ਲੱਗੇ, ਦੁਨੀਆਂ ਦੇ ਮਹਿਕਮੇ ਵਿੱਚ ਕੰਮ ਨਹੀਂ। ਹਿਰਦੇ ਦੇ ਮਹਿਕਮੇ ਵਿੱਚ ਕੰਮ ਹੈ। ਜੀ ਹਿਰਦੇ ਦੇ ਮਹਿਕਮੇ ਨਾਲ। ਹਾਂ। ਸਾਨੂੰ ਇਹ ਕੰਮ ਹੈ, ਸੁੰਦਰ ਸਿੰਘ ਮਜੀਠੀਆ ਜੀ, ਅਸੀਂ ਚੁੱਪ ਰਹੇ ਪਰ ਤੁਸੀਂ ਤਿੰਨ ਵਾਰੀ ਕਿਹਾ ਤੇ ਅਸੀਂ ਇੰਝ ਸਮਝਿਆ ਕਿ ਜਿਵੇਂ ਮਾਲਕ ਦਾ ਹੁਕਮ ਹੈ। ਸਾਨੂੰ ਹਿਰਦੇ ਦੇ ਮਹਿਕਮੇ ਨਾਲ ਕੰਮ ਹੈ। ਸਾਨੂੰ ਇਹ ਦੱਸੋ, ਤੁਹਾਡਾ ਨਿਤਨੇਮ ਕਿੰਨਾ ਹੈ।

*ਕਿਸੀ ਨੇ ਪੂਛਾ ਤੇਰਾ ਘਰ ਬਾਰ ਕਿਤਨਾ ਹੈ।*
*ਕਿਸੀ ਨੇ ਪੂਛਾ ਤੇਰਾ ਸੰਸਾਰ ਕਿਤਨਾ ਹੈ।*
*ਕਿਸੀ ਨੇ ਪੂਛਾ ਤੇਰਾ ਕਾਰੋਬਾਰ ਕਿਤਨਾ ਹੈ।*
*ਕਿਸੀ ਵਿਰਲੇ ਨੇ ਪੂਛਾ ਤੇਰਾ ਗੁਰੂ ਨਾਲ ਪਿਆਰ ਕਿਤਨਾ ਹੈ।*

ਬਾਬਾ ਜੀ ਪੁੱਛਦੇ, ਤੇਰਾ ਗੁਰੂ ਨਾਲ ਪਿਆਰ ਕਿੰਨਾ ਹੈ ਤੇ ਸੁੰਦਰ ਸਿੰਘ ਮਜੀਠੀਆ ਕਹਿਣ ਲੱਗੇ, 10 ਪਾਠ ਜਪੁ ਜੀ ਸਾਹਿਬ ਜੀ ਦੇ ਬਿਨਾਂ ਕੁਝ ਛਕੇ ਤੋਂ ਬਾਬਾ ਜੀ ਸੇਵਾ ਲੈ ਰਹੇ ਹਨ। ਜਦੋਂ ਇੰਨੀ ਗੱਲ ਕਹੀ

ਤੇ ਬਾਬਾ ਜੀ ਨੇ ਸ਼ਾਬਾਸ਼ ਦਿੱਤੀ ਕਿ ਸ਼ਾਬਾਸ਼ ਹੈ ਭਾਈ, ਸ਼ਾਬਾਸ਼। ਪਰ ਨਾਲ ਹੀ ਕਹਿੰਦੇ ਇੱਕ ਗੱਲ ਹੈ। ਉਹ ਕਹਿਣ ਲੱਗੇ ਜੀ ਸਮਝਿਆ ਨਹੀਂ। ਬਾਬਾ ਨੰਦ ਸਿੰਘ ਜੀ ਨੇ ਬਚਨ ਕੀਤਾ, ਗੁੱਡੀ ਜ਼ਿਆਦਾ ਉੱਡੀ ਹੋਵੇ ਤੇ ਪਿੰਨਾ ਵੱਡਾ ਚਾਹੀਦਾ ਹੈ। ਕਹਿਣ ਲੱਗਾ ਬਾਬਾ ਜੀ ਮੈਂ ਸਮਝਿਆ ਨਹੀਂ। ਬਾਬਾ ਜੀ ਕਹਿੰਦੇ ਜਿੰਨੇ ਟਰੱਸਟਾਂ ਦੇ ਪ੍ਰਧਾਨ, ਜਿੰਨੀ ਤੁਹਾਡੀ ਸੇਵਾ, ਜਿੰਨਾ ਵੱਡਾ ਖਲਾਰਾ ਆਲਾ-ਦੁਆਲਾ ਪਰ 10 ਪਾਠ ਜਪੁ ਜੀ ਸਾਹਿਬ ਜੀ ਦੇ, ਪਿੰਨਾ ਬਹੁਤ ਛੋਟਾ ਹੈ। ਉਹ ਬੜੇ ਪੜ੍ਹੇ ਲਿਖੇ ਸੀ। ਹੱਥ ਜੋੜ ਕੇ ਕਹਿੰਦੇ, ਬਾਬਾ ਜੀ, ਕਿਰਪਾ ਕਰੋ ਕੀ ਹੁਕਮ ਹੈ। ਬਾਬਾ ਜੀ ਕਹਿੰਦੇ, ਕੱਲ੍ਹ ਤੋਂ 25 ਪਾਠ ਸ੍ਰੀ ਜਪੁ ਜੀ ਸਾਹਿਬ ਜੀ ਦੇ ਕਰਨੇ ਸ਼ੁਰੂ ਕਰ ਦੇ। ਕਹਿੰਦੇ, ਫਿਰ ਤੁਰੇ ਜਾਓ ਦਿਨੇ ਜਿੱਥੇ ਮਰਜ਼ੀ। 25 ਪਾਠ ਹਾਜ਼ਰੀ ਲੱਗੀ ਹੋਵੇ। ਫਿਰ ਤੁਰੇ ਜਾਓ ਜਿਧਰ ਮਰਜ਼ੀ। ਤੁਹਾਡੇ ਜਾਣ ਤੋਂ ਪਹਿਲਾਂ ਹੀ ਗੁਰੂ ਨਾਨਕ ਮਹਾਰਾਜ ਪਹੁੰਚੇ ਹੋਣਗੇ। ਨਿਤਨੇਮ ਦਾ ਥੜ੍ਹਾ ਸਿੱਖ ਨੇ ਸਵੇਰੇ ਪੱਕਾ ਕੀਤਾ ਹੋਵੇ ਤੇ ਫਿਰ ਜਿੰਨੀਆਂ ਮਰਜ਼ੀਆਂ ਬਿਲਡਿੰਗਾਂ ਪਾਈ ਜਾਓ। ਜੇ ਨੀਂਹ ਕੱਚੀ ਹੈ ਤੇ ਸਾਰਾ ਦਿਨ ਤੇਰਾ ਪ੍ਰੇਸ਼ਾਨੀ ਵਿੱਚ ਲੰਘੇਗਾ। ਸਾਰੇ ਯਤਨ ਕਰਿਆ ਕਰੋ, ਦਿਨੇ ਵੀ ਸਿਮਰਨ ਚਲਦਾ ਰਹੇ। ਲੇਕਿਨ ਅੰਮ੍ਰਿਤ ਵੇਲੇ ਦੇ ਢਾਈ-ਤਿੰਨ ਘੰਟੇ ਕਿਸੇ ਵਿਅਕਤੀ ਨੂੰ ਨਾ ਦਿਆ ਕਰੋ। ਅੰਮ੍ਰਿਤ ਵੇਲਾ ਗੁਰੂ ਨਾਨਕ ਮਹਾਰਾਜ ਜੀ ਦਾ ਹੈ, ਕਿਸੇ ਹੋਰ ਦਾ ਨਹੀਂ। ਇਹ ਆਪਣੇ ਡਰਾਈਵਰ ਨੂੰ ਸੁੰਦਰ ਸਿੰਘ ਮਜੀਠੀਆ ਨੇ ਇੰਨੀ ਗੱਲ ਕਹੀ ਕਿ ਅਨੰਦ ਆ ਗਿਆ ਹੈ, ਸੰਤ ਮਹਾਂਪੁਰਸ਼ ਦੀ ਸੰਗਤ ਕਰਨ ਦਾ। ਬੈਠੇ ਤਾਂ 4-5 ਮਿੰਟ ਹੀ ਹਾਂ ਪਰ ਨਿਤਨੇਮ ਪਹਿਲਾਂ ਨਾਲੋਂ ਢਾਈ ਗੁਣਾਂ ਹੋ ਗਿਆ ਹੈ। ਇਹ ਕਿਹੜੀ ਹੋਲੀ ਖੇਡੀ।

*ਕਬੀਰ ਏਕ ਘੜੀ ਆਧੀ ਘਰੀ ਆਧੀ ਹੂੰ ਤੇ ਆਧ ॥*
*ਭਗਤਨ ਸੇਤੀ ਗੋਸਟੇ ਜੋ ਕੀਨੇ ਸੋ ਲਾਭ ॥੨੩੨॥*

*(ਅੰਗ ੧੩੭੭)*

*ਹੋਲੀ ਕੀਨੀ ਸੰਤ ਸੇਵ ॥*

*(ਅੰਗ ੧੧੮੦)*

ਕਿੰਨੀ ਉੱਚੀ ਗੁਰਮਤਿ ਹੈ। ਮਹਾਰਾਜ ਜੀ ਕਹਿੰਦੇ, ਮੈਂ ਤੈਨੂੰ ਉਹ ਹੋਲੀ ਖਿਡਾਵਾਂ ਜਿਸ ਹੋਲੀ ਖੇਡਣ ਨਾਲ ਵਾਹਿਗੁਰੂ ਤੇਰੀ ਨੌਕਰੀ ਕਰੇ। ਜੇ ਉਹ ਹੋਲੀ ਤੂੰ ਇੱਕ ਮਿੰਟ ਵੀ ਖੇਡ ਲਵੇਂ, ਤੇਰਾ ਜੀਵਨ ਬਦਲ ਸਕਦਾ ਹੈ। ਇਹ ਹੋਲੀ ਖਿਡਾਵਾਂ। ਸਭ ਤੋਂ ਵੱਡੀ ਦਾਤ ਹੈ ਜ਼ਿੰਦਗੀ ਵਿੱਚ ਪ੍ਰੇਮ ਦੀ ਤੇ ਮਹਾਰਾਜ ਜੀ ਕਹਿੰਦੇ, ਉਹ ਹੋਲੀ ਖੇਡ ਜਿਸ ਹੋਲੀ ਖੇਡਣ ਨਾਲ ਤੈਨੂੰ ਪ੍ਰੇਮ ਵੀ ਮਿਲ ਜਾਵੇਗਾ। ਮਹਾਰਾਜ ਜੀ ਨੇ ਫ਼ਰਮਾਇਆ :

*ਸਾਧਸੰਗਤਿ ਬਿਨਾ ਭਾਉ ਨਹੀ ਊਪਜੈ*
*ਭਾਵ ਬਿਨੁ ਭਗਤਿ ਨਹੀ ਹੋਇ ਤੇਰੀ ॥*

*(ਅੰਗ ੬੯੪)*

ਕਿੰਨੀ ਵੱਡੀ ਗੱਲ ਹੈ। ਜਦ ਤੱਕ ਪ੍ਰੇਮ ਨਹੀਂ, ਤੇਰੀ ਭਗਤੀ ਹੋ ਨਹੀਂ ਸਕਦੀ ਤੇ ਪ੍ਰੇਮ ਕਿੱਥੋਂ ਮਿਲਦਾ ਹੈ, ਸੰਗਤ ਵਿੱਚ ਆ ਕੇ ਹੋਲੀ ਖੇਡ। ਉਹ ਹੋਲੀ ਜਿਹੜੀ ਹੋਲੀ ਤੇਰਾ ਜੀਵਨ ਬਦਲਾ ਦੇਵੇ। ਸੰਗਤ ਵਿੱਚ ਆ ਕੇ ਉਹ ਹੋਲੀ ਖੇਡ, ਤੈਨੂੰ ਪ੍ਰੇਮ ਦੀ ਪੜ੍ਹਾਈ ਦਾ ਪਤਾ ਲੱਗ ਜਾਵੇ। ਕਈਆਂ ਨੂੰ ਕਹੀਏ, ਅੰਮ੍ਰਿਤ ਛੱਕ ਲਓ। ਉਹ ਕਈ ਵਾਰ ਕਹਿੰਦੇ ਹਨ, ਛੱਕ ਲਵਾਂਗੇ, ਕਿਰਪਾਨ ਪਾਉਣੀ ਔਖੀ ਹੈ। ਸਿਰਫ ਗਿਆਨ ਦੀ ਲੋੜ ਹੈ। ਉਹ ਪ੍ਰੇਮ ਸੰਗਤ ਵਿੱਚ ਮਿਲੇਗਾ।

ਇੱਕ ਨਿੱਕਾ ਜਿਹਾ ਗਿਆਨ ਹੈ। ਨਜ਼ਰ ਕਮਜ਼ੋਰ ਹੋ ਜਾਵੇ, ਡਾਕਟਰ ਕਹਿੰਦਾ ਹੈ ਐਨਕ ਲਗਾਉਣੀ ਹੈ। ਐਨਕ ਲਗਾਉਂਦੇ ਹਾਂ। ਉਹ ਵੀ ਬਾਹਰ ਹੀ ਹੈ। ਦੰਦ ਥੋੜ੍ਹਾ ਬਾਹਰ ਨਿਕਲ ਆਉਣ ਤੇ ਡਾਕਟਰ ਕਹਿੰਦਾ ਹੈ ਕਿ ਤਾਰ ਲਗਾਓ ਨਹੀਂ ਤਾਂ ਜ਼ਿਆਦਾ ਨਿਕਲ ਆਉਣਗੇ। ਉਸ ਵੇਲੇ ਖਾਣਾ ਵੀ ਕਿੰਨਾ ਔਖਾ ਹੁੰਦਾ ਹੈ। ਲਗਾਉਂਦੇ ਹਾਂ। ਕੰਨ ਘੱਟ ਸੁਣਦੇ ਹੋਣ ਤੇ ਡਾਕਟਰ ਕਹਿੰਦਾ ਹੈ ਕਿ ਮਸ਼ੀਨ ਲਗਾਉਣੀ ਪੈਣੀ ਹੈ। ਲਗਾਉਂਦੇ

ਹਾਂ। ਇਹ ਸਭ ਬਾਹਰੋਂ ਹਨ। ਕਈਆਂ ਦੀ ਰੀੜ੍ਹ ਦੀ ਹੱਡੀ ਲੱਕ ਦੀ ਦਰਦ ਹੋਵੇ ਤੇ ਡਾਕਟਰ ਕਹਿੰਦੇ ਕਿ ਬੈਲਟ ਲਗਾਉਣੀ ਪੈਣੀ ਹੈ। ਕਿੰਨੀ ਔਖੀ ਹੈ ਪਰ ਲਗਾਉਂਦੇ ਹੋ। ਸਰਵਾਈਕਲ ਦਾ ਦਰਦ ਹੋ ਜਾਵੇ ਤੇ ਡਾਕਟਰ ਕਹਿੰਦਾ ਹੈ ਕਿ ਕਾਲਰ ਲਗਾਉਣਾ ਪੈਣਾ ਹੈ। ਦੱਸੋ, ਕਿੰਨਾ ਔਖਾ ਹੈ ਲਗਾਉਣਾ ਪਰ ਲਗਾਉਂਦੇ ਹਾਂ। ਗੱਲ ਨਿੱਕੀ ਜਿਹੀ ਹੈ। ਬੱਸ ਘੁੰਡੀ ਨਿਕਲਣੀ ਚਾਹੀਦੀ ਹੈ। ਦੁਨੀਆਂ ਦੇ ਡਾਕਟਰ ਕਹਿਣ, ਅਸੀਂ ਲਗਾਉਣ ਨੂੰ ਤਿਆਰ ਹਾਂ ਪਰ ਦਰਗਾਹ ਦਾ ਡਾਕਟਰ ਅਗਰ ਕੁਝ ਕਹੇ ਤੇ ਫਿਰ ਸਾਨੂੰ ਔਖਾ ਜਾਪਦਾ ਹੈ। ਨਿੱਕਾ ਜਿਹਾ ਕਪਾਟ ਖੁੱਲ੍ਹਣਾ ਚਾਹੀਦਾ ਹੈ। ਕਦੀ ਕਿਰਪਾਨ ਨੂੰ ਕਿਰਪਾਨ ਸਮਝ ਕੇ ਨਾ ਪਾਇਆ ਕਰੋ। ਇਹ ਸੰਗਤ ਵਿੱਚ ਆ ਕੇ ਪ੍ਰੇਮ ਦਾ ਨਿਸ਼ਾਨਾ ਮਿਲੇਗਾ। ਇਹ ਕਿਰਪਾਨ, ਕਿਰਪਾਨ ਨਹੀਂ। ਇਸ ਨੂੰ ਜਦੋਂ ਸਜਾਉਣਾ ਹੈ, ਇਹ ਸਮਝ, ਮੈਂ ਆਪਣੇ ਪਿਤਾ ਦਾ ਨੌਂ ਲੱਖਾ ਦਰਗਾਹੀ ਹਾਰ ਸਜਾ ਰਹੀ ਹਾਂ। ਇਹ ਪੱਕੀ ਗੱਲ ਹੈ। ਕਿਰਪਾਨ ਨੂੰ ਕਦੀ ਕਿਰਪਾਨ ਸਮਝ ਕੇ ਨਾ ਪਾਓ। ਸ਼ਸ਼ਤਰ ਨੂੰ ਬਹੁਤ ਸਤਿਕਾਰ ਦਿੱਤਾ ਹੈ, ਮਹਾਰਾਜ ਜੀ ਨੇ :

*ਅਸ ਕ੍ਰਿਪਾਨ ਖੰਡੋ ਖੜਗ ਤੁਪਕ ਤਬਰ ਅਰੁ ਤੀਰ ॥*
*ਸੈਫ ਸਰੋਹੀ ਸੈਹਥੀ ਯਹੈ ਹਮਾਰੈ ਪੀਰ ॥੩॥*
*(ਸ੍ਰੀ ਦਸਮ ਗ੍ਰੰਥ)*

ਜਦੋਂ ਮਾਛੀਵਾੜੇ ਤੋਂ ਮਹਾਰਾਜ ਜੀ ਨਿਕਲੇ, ਅੱਗੇ ਗਨੀ ਖਾਂ, ਨਬੀ ਖਾਂ ਤੇ ਪਿੱਛੇ ਮਹਾਰਾਜ ਜੀ ਦੇ ਸਿੱਖ। ਜਦੋਂ ਮੁਗਲਾਂ ਨੇ ਰੋਕਿਆ ਤੇ ਪੁੱਛਿਆ ਕਿ ਕੌਣ ਜਾ ਰਿਹਾ ਹੈ? ਕਹਿਣ ਲੱਗੇ ਕਿ ਉਚ ਦੇ ਪੀਰ। ਉਚ ਪਿੰਡ ਦਾ ਨਾਂ ਹੈ। ਜਿਹੜੀ ਮੁਗਲਾਂ ਦੀ ਫੌਜ ਦਾ ਪਹਿਰਾ ਸੀ ਤੇ ਉਹ ਕਹਿਣ ਲੱਗੇ ਕਿ ਉਚ ਦੇ ਪੀਰ ਜਾ ਰਹੇ ਹਨ ਤੇ ਅਸੀਂ ਸੇਵਾ ਕਰਨੀ ਹੈ। ਕੁਝ ਛਕਾਉਣਾ ਹੈ। ਕੁਝ ਨਾ ਸੁੱਝਾ ਤੇ ਜਵਾਬ ਦਿੱਤਾ ਕਿ ਪੀਰ ਨੇ ਰੋਜ਼ਾ ਰੱਖਿਆ ਹੋਇਆ ਹੈ। ਉਹ ਕਹਿੰਦੇ, ਜੇ ਪੀਰ ਨੇ ਰੋਜ਼ਾ ਰੱਖਿਆ ਹੈ ਤੇ ਚੇਲਿਆਂ ਨੇ ਤਾਂ ਨਹੀਂ ਰੱਖਿਆ ਤੇ ਫਿਰ ਚੇਲਿਆਂ ਨੂੰ ਛਕਾਉਣਾ ਹੈ। ਮਗਰ ਦੋ ਸਿੱਖ ਸੀ, ਭਾਈ ਦਇਆ ਸਿੰਘ ਜੀ ਤੇ ਭਾਈ ਦਾਨ ਸਿੰਘ ਜੀ। ਅੱਗੇ ਨਬੀ ਖਾਂ, ਗਨੀ ਖਾਂ। ਪਿੱਛੋਂ ਮਾੜਾ ਜਿਹਾ ਕੱਪੜਾ ਪਿੱਛੇ ਕਰਕੇ ਦੋਵੇਂ ਸਿੱਖ ਪੁੱਛਦੇ ਹਨ, ਮਹਾਰਾਜ ਜੀ, ਹੁਣ ਕੀ ਕਰੀਏ? ਇਹ ਮੁਸਲਮਾਨੀ ਢੰਗ ਨਾਲ ਬਣੀ ਚੀਜ਼ ਸਾਨੂੰ ਖਵਾਉਣਗੇ। ਮਹਾਰਾਜ ਜੀ ਕਹਿੰਦੇ, ਜਿਹੜੀ ਚੀਜ਼ ਵੀ ਲਿਆਉਣਗੇ, ਮੰਗਲਾ ਚਰਨ ਪੜ੍ਹ ਕੇ, ਸ਼ਸ਼ਤਰ ਭੇਟ ਕਰ ਦੇਣਾ। ਅਪਵਿੱਤਰ ਵੀ ਪਵਿੱਤਰ ਬਣ ਜਾਵੇਗੀ। ਉਸ ਜਗ੍ਹਾ ਤੇ ਅੱਜ ਗੁਰਦੁਆਰਾ ਕਿਰਪਾਨ ਭੇਟ ਸਾਹਿਬ ਸੁਸ਼ੋਭਿਤ ਹੈ। ਇਹ ਗੁਰਦੁਆਰਾ ਸਾਹਿਬ ਮਾਛੀਵਾੜੇ ਗੁਰਦੁਆਰਾ ਚਰਨ ਕੰਵਲ ਸਾਹਿਬ ਤੋਂ ਅੱਧਾ ਕਿਲੋਮੀਟਰ ਦੀ ਦੂਰੀ ਤੇ ਸਥਿਤ ਹੈ। ਇਹ ਕਿਰਪਾਨ ਕਿਰਪਾਨ ਨਹੀਂ। ਇਹ ਅਪਵਿੱਤਰ ਚੀਜ਼ ਨੂੰ ਪਵਿੱਤਰ ਬਣਾਉਣ ਵਾਲੀ ਹੈ। ਧਿਆਨ ਦੇਣਾ।

*ਅਸ ਕ੍ਰਿਪਾਨ ਖੰਡੋ ਖੜਗ ਤੁਪਕ ਤਬਰ ਅਰੁ ਤੀਰ ॥*
*ਸੈਫ ਸਰੋਹੀ ਸੈਹਥੀ ਯਹੈ ਹਮਾਰੈ ਪੀਰ ॥੩॥*
*(ਸ੍ਰੀ ਦਸਮ ਗ੍ਰੰਥ)*

ਕਈ ਗੱਲਾਂ ਅਚਿੰਤ ਹੋ ਜਾਂਦੀਆਂ ਹਨ। ਪੇਪਰ ਲੰਘੇ ਹਨ। ਹਾਲੇ ਵੀ ਕਈਆਂ ਦੇ ਪੇਪਰ ਚੱਲ ਰਹੇ ਹਨ। ਦਾਸ ਆਪ ਨੌਂ ਪੜ੍ਹਿਆ ਹੈ ਤੇ ਕਈ ਵਾਰ ਦਾਸ ਕੋਲ ਬੀ.ਏ. ਦੀ ਪੜ੍ਹਾਈ ਕਰਨ ਵਾਲੇ ਆ ਜਾਣਗੇ, ਵੀਰ ਜੀ, ਸਾਡੇ ਪੈਨ ਨੂੰ ਹੱਥ ਲਗਾ ਦਿਓ। ਦਾਸ ਬੇਨਤੀ ਕਰਦਾ ਹੈ ਕਿ ਦਾਸ ਤਾਂ ਨੌਂ ਪੜ੍ਹਿਆ ਹੈ ਤੇ ਦਾਸ ਤੇਰੀ ਬੀ.ਏ. ਦੀ ਕਿੱਥੋਂ ਅਰਦਾਸ ਕਰੇ। ਕਈ ਬੱਚੇ ਆ ਜਾਂਦੇ ਹਨ। ਚਾਰ-ਚਾਰ ਪੈਨਸਿਲਾਂ, ਪੈਨ ਫੜੇ ਹੁੰਦੇ ਹਨ। ਸਾਡਾ ਪੇਪਰ ਹੈ। ਹੱਥ ਲਗਾ ਦਿਓ। ਇਹ ਗੁਰਬਾਣੀ ਦੇ ਕੀਰਤਨ ਨੂੰ ਨਮਸਕਾਰ ਹੋ ਜਾਂਦੀ ਹੈ। ਦਾਸ ਨੇ ਕਦੀ ਹੱਥ ਨਹੀਂ ਲਗਾਇਆ। ਅਸੀਂ ਹੱਥ ਲਗਾਵਾਂਗੇ, ਤੇਰੇ ਨੰਬਰ ਘੱਟ ਆ ਗਏ। ਤੁਸੀਂ ਕਹਿਣਾ ਹੈ, ਚੰਗੇ ਹੱਥ ਲਗਾਏ ਸੀ। ਦਾਸ ਨੂੰ ਕੋਈ ਪੈਨ ਦੇਵੇ, ਪੈਨਸਿਲਾਂ ਦੇਵੇ।

ਮੂਲ-ਮੰਤਰ ਦਾ ਪਾਠ ਕਰਕੇ ਸ੍ਰੀ ਸਾਹਿਬ ਲਗਾ ਦੇਈਦੀ ਹੈ। ਅੰਦਰੋਂ ਅਰਦਾਸ ਬੱਚੇ ਦੇ ਪਿਆਰ ਨੂੰ ਮੁੱਖ ਰੱਖ ਕੇ ਬਾਣੀ ਪੜ੍ਹ ਕੇ ਸ਼ਸ਼ਤਰ ਲਗਾ ਕੇ ਹਾਜ਼ਰੀ ਲਗਾਈ ਹੈ ਹੁਣ ਸਤਿਗੁਰੂ ਜੀ, ਆਪ ਜੀ ਦਾ ਸ਼ਸ਼ਤਰ, ਬਾਣੀ ਜਾਣੇ, ਆਪ ਜੀ ਜਾਣੋਂ ਤੇ ਬੱਚੇ ਜਾਣਨ। ਸ਼ਸ਼ਤਰ ਵਿੱਚ ਕਿਰਪਾ ਹੈ। ਬੰਦੇ ਦੇ ਹੱਥ ਬੰਦੇ ਦੇ ਹਨ। ਸ਼ਸ਼ਤਰ ਵਿੱਚ ਉਸ ਦੀ ਕਿਰਪਾ ਹੈ। ਸੰਗਤ ਵਿੱਚ ਆ ਕੇ ਪ੍ਰੇਮ ਲੈ ਕੇ ਜਾਓ। ਇਹ ਕਿਰਪਾਨ ਕਿਰਪਾਨ ਨਹੀਂ, ਇਹ ਧੰਨ ਗੁਰੂ ਗੋਬਿੰਦ ਸਿੰਘ ਜੀ ਦਾ ਬਖਸ਼ਿਆ ਹੋਇਆ ਅਨੁਭਵੀ ਪਹਿਰਾ ਹੈ। ਫਿਰ ਕੋਈ ਝਿਜਕੇਗਾ ਨਹੀਂ।

ਗੱਲ ਸਿਰਫ ਅੱਖ ਖੁੱਲ੍ਹਣ ਦੀ ਹੈ। ਇਹ ਸੰਗਤ ਵਿੱਚ ਆ ਕੇ ਪਤਾ ਲੱਗਦਾ ਹੈ ਕਿ ਕੀ ਹੈ। ਇਹ ਪ੍ਰੇਮ ਕੀ ਹੈ। ਪਿਆਰ ਕੀ ਹੈ। ਹੁਣ ਜੋ ਕੰਘਾ ਹੈ, ਇਸਨੂੰ ਕਦੀ ਕੰਘਾ ਸਮਝ ਕੇ ਸਿਰ ਵਿੱਚ ਨਾ ਫੇਰੋ। ਇਹ ਕੰਘਾ ਜਦੋਂ ਸਿਰ ਵਿੱਚ ਫੇਰੋ, ਇਹ ਸਮਝੋ, ਇਹ ਧੰਨ ਗੁਰੂ ਗੋਬਿੰਦ ਸਿੰਘ ਜੀ ਦੀ ਬਖਸ਼ਿਸ਼ ਮੇਰੇ ਸੀਸ ਨੂੰ ਸਪਰਸ਼ ਕਰ ਰਹੀ ਹੈ। ਫਿਰ ਕੇਸਾਂ ਵਿੱਚ ਕੰਘਾ ਕਰਨ ਦਾ ਅਨੰਦ ਹੀ ਹੋਰ ਹੋਵੇਗਾ। ਕੋਈ ਗੁੱਸਾ ਨਾ ਕਰੇ। ਇਹ ਗਿਆਨ ਸੰਗਤ ਵਿੱਚ ਆ ਕੇ ਮਿਲਦਾ ਹੈ। ਕਈ ਭੈਣਾਂ ਸਿਰ ਤੇ ਚੁੰਨੀ ਨਹੀਂ ਲੈਂਦੀਆਂ। ਕੋਈ ਫੀਲ ਨਾ ਕਰੇ। ਅਸੀਂ ਕਈ ਵਾਰੀ ਗੱਡੀ ਤੇ, ਕਈ ਵਾਰੀ ਸਕੂਟਰ ਤੇ ਜਾ ਰਹੇ ਹੁੰਦੇ ਹਾਂ ਤੇ ਕਈ ਵਾਰ ਕੋਈ ਅੱਗੋਂ ਰਿਕਸ਼ਾ ਜਾ ਰਿਹਾ ਹੁੰਦਾ ਹੈ। ਉਹ ਭੈਣਾ ਕਈ ਵਾਰ ਸੰਗਤ ਵਿੱਚ ਆਉਂਦੀਆਂ ਹੁੰਦੀਆਂ ਹਨ। ਜਦੋਂ ਉਹ ਵੇਖਣਗੇ ਕਿ ਕੋਲੋਂ ਲੰਘ ਰਹੇ ਹਾਂ ਤੇ ਫਟਾਫਟ ਸਿਰ ਉੱਤੇ ਚੁੰਨੀ ਕਰ ਲੈਣਗੀਆਂ। ਇਹ ਦਾਸ ਗੁਰੂ ਸਾਹਿਬ ਦੀ ਹਜ਼ੂਰੀ ਵਿੱਚ ਕਹਿ ਰਿਹਾ ਹੈ, ਭੈਣੋ, ਕਦੀ ਚੁੰਨੀ ਨੂੰ ਕੱਪੜਾ ਸਮਝ ਕੇ ਸੀਸ ਤੇ ਨਾ ਸਜਾਉਣਾ। ਜਦੋਂ ਸਿਰ ਤੇ ਲੈਣਾ ਤੇ ਇਹ ਸਮਝਣਾ ਕਿ ਮਾਤਾ ਸਾਹਿਬ ਕੌਰ ਜੀ ਨੇ ਦੋਵੇਂ ਹੱਥ ਮੇਰੇ ਸੀਸ ਤੇ ਰੱਖੇ ਹਨ। ਦਾਸ ਯਕੀਨ ਨਾਲ ਕਹਿੰਦਾ ਹੈ, ਤੇਰੀ ਲਈ ਹੋਈ ਚੁੰਨੀ ਹੋ ਸਕਦਾ ਹੈ ਇੱਕ ਦਿਨ ਤੇਰਾ ਦਸਮ ਦੁਆਰ ਵੀ ਖੋਲ੍ਹ ਦੇਵੇ। ਚੁੰਨੀ ਬਖਸ਼ੀਸ਼ ਸਮਝ ਕੇ ਲੈਣੀ ਹੈ। ਇਹ ਮਾਤਾ ਗੁਜਰੀ ਜੀ ਦੀ ਅਸੀਸ ਲੈ ਰਹੀ ਹਾਂ। ਮੈਂ ਮਾਤਾ ਸਾਹਿਬ ਕੌਰ ਜੀ ਦੀ ਅਸੀਸ ਲੈ ਰਹੀ ਹਾਂ। ਗੱਲ ਇੰਨੀ ਹੈ ਕਿ ਆਪਣੇ ਮਾਲਕ ਦੇ ਬਖਸ਼ੇ ਹੋਏ ਕਕਾਰਾਂ ਨੂੰ ਲੱਕੜ ਨਾ ਸਮਝ, ਲੋਹਾ ਨਾ ਸਮਝ, ਬਖਸ਼ੀਸ਼ ਸਮਝ।

ਅੱਜ ਕੱਲ੍ਹ ਕਿੰਨਾ ਕੰਮ ਚੱਲਿਆ ਹੈ, ਅਕੂਪ੍ਰੈਸ਼ਰ ਦਾ। ਇਹ ਚੀਜ਼ ਨੱਪੋ, ਫਲਾਣਾ ਰੋਗ ਦੂਰ ਹੋ ਜਾਂਦਾ ਹੈ। ਇਹ ਨੱਪੋ ਫਲਾਣਾ ਰੋਗ ਦੂਰ ਹੋ ਜਾਂਦਾ ਹੈ। ਕਈ ਪਲਾਸਟਿਕ ਦੀਆਂ ਚੀਜ਼ਾਂ ਚੱਲੀਆਂ ਹਨ। ਉਸ ਤੇ ਪੈਰ ਰੱਖੋ, ਅਕੂਪ੍ਰੈਸ਼ਰ ਹੁੰਦਾ ਹੈ। ਹੱਥਾਂ ਨੂੰ ਘੁੰਮਾਉਂਦੇ ਹਨ। ਇੱਕ ਦਿਨ ਦਾਸ ਕੇਸਾਂ ਵਿੱਚ ਕੰਘਾ ਕਰਦਾ ਸੋਚ ਰਿਹਾ ਸੀ ਕਿ ਗੁਰੂ ਮਹਾਰਾਜ ਜੀ ਨੂੰ ਪਤਾ ਸੀ ਕਿ ਕੰਘਾ ਕਦੀ ਕੇਸਾਂ ਵਿੱਚ ਕਰੋ, ਤੈਨੂੰ ਇੰਝ ਜਾਪੇਗਾ, ਕੰਘੇ ਦਾ ਇੱਕ-ਇੱਕ ਦੰਦਾ ਮੇਰੇ ਸਿਰ ਨੂੰ ਅਕੂਪ੍ਰੈਸ਼ਰ ਕਰਦਾ ਪਿਆ ਹੈ। ਉਹ ਦਬਾਅ ਦਿੰਦਾ ਹੈ। ਸਾਡਾ ਪਿਓ ਬੜਾ ਸੋਝੀ ਵਾਲਾ ਹੈ। ਪਲਾਸਟਿਕ ਦੀ ਕੰਘੀ ਵਿੱਚ ਜੂਠ ਹੈ। ਲੱਕੜ ਦੇ ਕੰਘੇ ਰੱਖੋ। ਇਹ ਸਮਝ ਕੇ ਧੰਨ ਗੁਰੂ ਗੋਬਿੰਦ ਸਿੰਘ ਜੀ ਸੱਚੇ ਪਾਤਸ਼ਾਹ ਜੀ ਦੀ ਇਹ ਬਖਸ਼ੀਸ਼ ਮੇਰੇ ਸਿਰ ਤੇ ਹੈ। ਸੰਗਤ ਜੀ, ਗੱਲ ਇੰਨੀ ਕੁ ਹੈ। ਮਹਾਰਾਜ ਜੀ ਕਹਿੰਦੇ, ਉਹ ਹੋਲੀ ਖੇਡ। ਸੰਗਤ ਵਿੱਚ ਆ ਕੇ ਜੋੜੇ ਝਾੜ। ਸੰਗਤ ਦੀ ਸੇਵਾ ਕਰ। ਸੰਗਤ ਦੀ ਖੁਸ਼ੀ ਲੈ। ਉਹ ਹੋਲੀ ਖੇਡ ਜਿਸ ਹੋਲੀ ਖੇਡਣ ਨਾਲ ਤੇਰੀ ਪ੍ਰੇਮ ਵਾਲੀ ਅੱਖ ਖੁੱਲ੍ਹ ਜਾਵੇ। ਜਦੋਂ ਪ੍ਰੇਮ ਆ ਗਿਆ, ਫਿਰ ਦੂਜਿਆਂ ਨੂੰ ਆਖੇਂਗਾ, ਇਹ ਕਿਰਪਾਨ ਲੋਹਾ ਨਹੀਂ। ਇਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਬਖਸ਼ੀਸ਼ ਹੈ। ਆਓ, ਇਹ ਪੰਕਤੀਆਂ ਪੜ੍ਹੋ ਤੇ ਫਿਰ ਸਮਾਪਤੀ ਹੈ :

*ਹੋਲੀ ਕੀਨੀ ਸੰਤ ਸੇਵ ॥*

*(ਅੰਗ ੧੧੮੦)*

ੴੴੴ

# ਅਨਮੋਲ ਬਚਨ

## ਧੰਨ ਧੰਨ ਬਾਬਾ ਨੰਦ ਸਿੰਘ ਜੀ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ ਜੀ :-

ਸੰਗ੍ਰਹਿ ਕਰਤਾ- ਸੰਪਾਦਕ

266 ਜਿਸ ਕੋਠੇ ਨੂੰ ਪਰਨਾਲਾ ਨਹੀਂ ਲੱਗਾ ਉਹ ਕੋਠਾ ਜ਼ਰੂਰ ਡਿੱਗੇਗਾ ਭਾਵ ਜਿਹੜਾ ਆਪਣੀ ਕਮਾਈ ਵਿੱਚੋਂ ਦਸਵੰਧ ਨਹੀਂ ਕੱਢਦਾ ਉਸਦਾ ਪੈਸਾ ਫਿਰ ਕਚਿਹਰੀਆਂ ਤੇ ਡਾਕਟਰਾਂ ਤੇ ਖਰਚਾ ਹੁੰਦਾ ਹੈ।

267 ਜਦੋਂ ਵੀ ਜੀਵਨ ਉੱਪਰ ਜਾਵੇਗਾ ਚੰਗੇ ਸੰਗ ਨਾਲ ਜਾਵੇਗਾ ਤੇ ਜਦੋਂ ਵੀ ਜੀਵਨ ਡਿੱਗੇਗਾ ਮਾੜੀ ਸੰਗਤ, ਮਾੜੇ ਸੰਗ ਨਾਲ ਡਿੱਗੇਗਾ।

## ਧੰਨ ਧੰਨ ਬਾਬਾ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲੇ

100 ਮਨ ਦੇ ਰੋਗ ਸੁਖਮਨ ਹੁੰਦੇ ਨੇ, ਉਨ੍ਹਾਂ ਦਾ ਇਲਾਜ ਗੁਰ ਸ਼ਬਦ ਨਾਲ ਹੀ ਹੋ ਸਕਦਾ ਹੈ।

101 ਇਸ ਰਸਤੇ ਤੇ ਸਤਿਸੰਗ ਕਰਨਾ ਲਾਜ਼ਮੀ ਹੈ, ਇਸ ਤੋਂ ਬਿਨ੍ਹਾਂ ਮਨ ਤੇ ਮੈਲ ਪੈਂਦੀ ਜਾਂਦੀ ਹੈ।

—ਭਾਈ ਅਮਰੀਕ ਸਿੰਘ ਗਨੈਸਕ

ਜੀਵਨ ਇਲਾਹੀ ਜੋਤ

# ਧੰਨ ਧੰਨ ਬਾਬਾ ਨੰਦ ਸਿੰਘ ਜੀ

*—ਭਾਈ ਅਮਰੀਕ ਸਿੰਘ ਜੀ ਗਨੈਸਕ ਦੀ ਪੁਸਤਕ ਵਿੱਚੋਂ*

*ਲੜੀ ਜੋੜਨ ਲਈ ਪਿਛਲਾ ਅੰਕ ਦੇਖੋ ਜੀ :-*

ਅੱਜ ਜਦ ਬਾਬਾ ਜੀ ਗੁਰਦੁਆਰਾ ਨਾਨਕਸਰ ਸਾਹਿਬ ਵਿਖੇ ਦਰਸ਼ਨਾਂ ਲਈ ਆਏ ਸਨ, ਸੰਗਤ ਹੁੰਮ-ਹੁੰਮਾ ਕੇ ਸਤਿਸੰਗਤ ਹਰਿ ਜਸ ਕੀਰਤਨ ਦਾ ਅਨੰਦ ਮਾਣਨ ਲਈ ਆ ਰਹੀ ਸੀ। ਰਾਗੀ ਸਿੰਘਾਂ ਦੁਆਰਾ ਇਲਾਹੀ ਕੀਰਤਨ ਕੀਤੇ ਜਾਣ ਤੋਂ ਬਾਅਦ ਬਾਬਾ ਜੀ ਨੇ ਇਲਾਹੀ ਬਚਨਾਂ ਦੁਆਰਾ ਗੁਰਮਤਿ ਦੀ ਵੀਚਾਰ ਕੀਤੀ।

ਕੁਝ ਸਮੇਂ ਬਾਅਦ ਦੀਪਾਲਪੁਰ ਤੋਂ ਚਾਲੇ ਪਾ ਕੇ ਬਾਬਾ ਜੀ ਹੁਜਰੇ ਨਗਰ ਵਾਪਸ ਆ ਗਏ। ਇੱਕ ਦਿਨ ਬਾਬਾ ਜੀ ਸੇਵਾਦਾਰਾਂ ਨੂੰ ਥੋੜ੍ਹੇ ਚਿਰ ਬਾਅਦ ਹੀ ਪੁੱਛਣ ਲੱਗੇ, ''ਦੇਖੋ ਕੀਰਤਨੀਏ ਆਏ ਕਿ ਨਹੀਂ। ਦੇਖੋ ਹਿੰਮਤ ਹੋਰੀਂ ਆਏ ਕਿ ਨਹੀਂ।''

ਉਸੇ ਸ਼ਾਮ ਨੂੰ ਹਿੰਮਤ ਸਿੰਘ ਤੇ ਲਾਲ ਸਿੰਘ ਆ ਪੁੱਜੇ। ਝੰਗ ਮਘਿਆਣੇ ਰਹਿੰਦੇ ਸਨ। ਮਘਿਆਣੇ ਤੋਂ ਪਤੋ ਕਿਆਂ ਦਾ ਟਿਕਟ ਲੈ ਕੇ ਰੇਲ ਗੱਡੀ ਚੜ੍ਹੇ ਸਨ। ਹੁਜਰੇ ਨਗਰ ਦੇ ਰਾਹ ਦਾ ਪਤਾ ਨਹੀਂ ਸੀ। ਸੋਚਦੇ ਸਨ ਪਤੋ ਕੇ ਉਤਰ ਕੇ ਜਾਵਾਂਗੇ। ਜਾਣਦੇ ਨਹੀਂ ਸਨ ਵਾਟ ਬਹੁਤ ਹੈ। ਰੀਨਾਲੇ ਸਟੇਸ਼ਨ ਤੇ ਉੱਤਰ ਕੇ ਹੁਜਰੇ ਨਗਰ ਲਈ ਟਾਂਗਾ ਮਿਲ ਜਾਂਦਾ ਸੀ, ਪਰ ਇਸ ਗੱਲ ਤੋਂ ਬੇਖਬਰ ਸੁੱਤੇ ਪਏ ਸਨ। ਰਾਤ ਢਾਈ ਵਜੇ ਵਾਲੀ ਗੱਡੀ ਚੜ੍ਹੇ ਸਨ।

ਜਦ ਰੀਨਾਲੇ ਦੇ ਸਟੇਸ਼ਨ ਤੇ ਗੱਡੀ ਖੜ੍ਹੀ ਤਾਂ ਇੱਕ ਚਿੱਟੇ ਬਸਤਰਾਂ ਵਾਲੇ ਸਿੰਘ ਨੇ ਉਨ੍ਹਾਂ ਨੂੰ ਉਠਾਇਆ। ਇਹ ਸੋਚ ਕੇ ਕਿ ਪਤੋ ਕੇ ਪਹੁੰਚ ਗਏ, ਅੱਭੜਵਾਹੇ ਉੱਠੇ। ਇਧਰ ਇਹ ਦੋਵੇਂ ਗੱਡੀ ਤੋਂ ਉਤਰੇ ਤੇ ਉਧਰ ਗੱਡੀ ਤੁਰ ਪਈ। ਜਦ ਪਤਾ ਲੱਗਾ ਕਿ ਸਟੇਸ਼ਨ ਰੀਨਾਲੇ ਦਾ ਹੈ ਤਾਂ ਫਿਕਰਮੰਦ ਹੋ ਗਏ ਪਰ ਜਦ ਪਤਾ ਲੱਗਾ ਕਿ ਹੁਜਰੇ ਨਗਰ ਨੂੰ ਜਾਣ ਲਈ ਇੱਥੇ ਉਤਰਨਾ ਹੀ ਠੀਕ ਸੀ ਜਗਾਉਣ ਵਾਲੇ ਸਿੰਘ ਦਾ ਧੰਨਵਾਦ ਕੀਤਾ। ਸਟੇਸ਼ਨ 'ਤੇ ਨਿਤਨੇਮ ਕੀਤਾ।

ਦਿਨ ਚੜ੍ਹ ਚੁੱਕਾ ਸੀ। ਲੋੜ ਅਨੁਸਾਰ ਉਦਰ ਪੂਰਤੀ ਕੀਤੀ। ਟਾਂਗੇ ਦਾ ਪਤਾ ਕੀਤਾ, ਕੁਝ ਸਮੇਂ ਬਾਅਦ ਚੱਲਣਾ ਸੀ। ਟਾਂਗੇ 'ਤੇ ਬੈਠ ਹੁਜਰੇ ਨਗਰ ਨੂੰ ਚਾਲੇ ਪਾ ਦਿੱਤੇ। ਜੇਕਰ ਉਹ ਪਤੋ ਕੇ ਜਾਂਦੇ ਤਾਂ ਅੱਧੀ ਰਾਤ ਤੱਕ ਹੁਜਰੇ ਨਗਰ ਪੁੱਜਣਾ ਸੀ, ਪਰ ਹੁਣ ਸ਼ਾਮ ਹੁੰਦੇ-ਹੁੰਦੇ ਠਾਠ ਵਿੱਚ ਪਹੁੰਚ ਗਏ।

ਜਦ ਪਤਾ ਲੱਗਾ ਕਿ ਬਾਬਾ ਜੀ ਉਨ੍ਹਾਂ ਬਾਰੇ ਪੁੱਛ ਰਹੇ ਸਨ, ਨੈਣ ਭਰ ਆਏ। ਬਾਬਾ ਜੀ ਤੁਸੀਂ ਸਾਨੂੰ ਯਾਦ ਕਰਦੇ ਸਉ! ਜੋ ਕਿਰਪਾ ਉਨ੍ਹਾਂ 'ਤੇ ਹੋਈ ਸੀ, ਯਾਦ ਕਰਦੇ ਤਾਂ ਸਿਰ ਸਤਿਕਾਰ ਨਾਲ ਝੁਕ ਜਾਂਦਾ। ਲਾਲ ਸਿੰਘ ਪਹਿਲਾਂ ਸਹਿਜਧਾਰੀ ਸੀ- ਲਾਲ ਚੰਦ। ਕੇਸ ਪਹਿਲਾਂ ਨਹੀਂ ਸਨ ਰੱਖੇ ਹੋਏ। ਬਾਬਾ ਜੀ ਮਘਿਆਣੇ ਆਏ ਤਾਂ ਸੇਵਾ ਵਿੱਚ ਆ ਹਾਜ਼ਰ ਹੋਇਆ। ਮਨ ਵਿੱਚ ਇੱਛਾ ਜਾਗੀ ਸਿੱਖ ਬਣਨ ਦੀ। ਫੁਰਨਾ ਤਾਂ ਮਨ ਵਿੱਚ ਬਣ ਗਿਆ, ਪਰ ਡਰੇ ਵੀ ਪਤਾ ਨਹੀਂ ਸਿੱਖੀ ਨਿਭਾ ਵੀ ਹੋਵੇਗੀ ਜਾਂ ਨਹੀਂ।

ਇੱਕ ਦਿਨ ਉਸਦੇ ਸਾਥੀ ਭਾਈ ਮੱਖਣ ਸਿੰਘ ਨੇ ਬਾਬਾ ਜੀ ਨੂੰ ਬੇਨਤੀ ਕੀਤੀ, ''ਬਾਬਾ ਜੀ ਇਸਨੂੰ ਵੀ ਸਿੱਖ ਬਣਾ ਦੇਉ।''

ਉਸ ਵੱਲ ਦੇਖ ਬਾਬਾ ਜੀ ਨੇ ਰਮਜ਼ ਭਰਿਆ ਬਚਨ ਕੀਤਾ। ਅੱਗੋਂ ਨਾ ਮੱਖਣ ਸਿੰਘ ਨੇ ਕੁਝ ਕਿਹਾ, ਨਾ ਉਸਨੇ। ਉਹਨੀਂ ਦਿਨੀਂ ਬਾਬਾ ਜੀ ਬਾਹਰ ਟਾਹਲੀਆਂ ਥੱਲੇ ਧੰਨ ਗੁਰੂ ਨਾਨਕ ਸਾਹਿਬ ਜੀ ਦੇ ਚਰਨਾਂ ਵਿੱਚ ਜੁੜ ਬੈਠਦੇ ਸਨ, ਪਰ ਉਸ ਦਿਨ ਪਤਾ ਨਹੀਂ ਕਿਸ ਰੰਗ ਵਿੱਚ ਸਨ ਦੋ-ਤਿੰਨ ਘੰਟੇ ਖੜੇ ਹੀ ਰਹੇ।

ਕੁਝ ਸਮੇਂ ਬਾਅਦ ਸੰਗਤ ਨਾਲ ਬਚਨ ਕਰਦਿਆਂ ਬਾਬਾ ਜੀ ਨੇ ਬੜੀ ਨਿਮਰਤਾ ਨਾਲ ਆਖਿਆ, ਭਾਈ "ਅਸੀਂ ਤੇ ਆਪ ਅਜੇ ਸਿੱਖ ਨਹੀਂ ਬਣੇ, ਕਿਸੇ ਨੂੰ ਕੀ ਕਹੀਏ ਸਿੱਖ ਬਣ।"

ਲਾਲ ਚੰਦ ਵੀ ਬਚਨ ਸੁਣ ਰਿਹਾ। ਮਨ ਵਿੱਚ ਸ਼ੰਕਾ ਸੀ ਕਿ ਇੰਨਾ ਸਮਾਂ ਬਾਬਾ ਜੀ ਦੇ ਖੜੇ ਰਹਿਣ ਦਾ ਕੀ ਕਾਰਨ ਹੈ। ਅਜੇ ਉਹ ਸੋਚ ਹੀ ਰਿਹਾ ਸੀ ਕਿ ਬਾਬਾ ਜੀ ਨੇ ਬਚਨ ਕੀਤਾ, "ਸਾਡੇ ਨਾਲੋਂ ਤਾਂ ਇਹ ਘੁੱਗੀਆਂ ਹੀ ਚੰਗੀਆਂ ਨੇ ਜਿਨ੍ਹਾਂ ਨੇ ਤਿੰਨ ਘੰਟੇ ਤੂੰਅ-ਤੂੰਅ ਕੀਤਾ ਹੈ...... ਤੂੰਅ ਤੂੰਅ ਹੀ ਕਰਦੀਆਂ ਰਹੀਆਂ ਤੇ ਇਹ ਸਰੀਰ ਹੈ ਹਰਾਮਖੋਰ, ਖਾਵਣਾ ਚੰਗਾ ਤੇ ਭਗਤੀ ਕਰਨੀ ਨਾ।"

ਖਾਣਾ ਚੰਗਾ ਤੇ ਭਗਤੀ ਕਰਨੀ ਨਾ। ਲਾਲ ਚੰਦ ਸੋਚਣ ਲੱਗਾ ਇਹ ਤਾਂ ਹਾਲ ਮੇਰਾ ਹੈ। ਬਾਬਾ ਜੀ ਨਿਮਰਤਾ ਵਿੱਚ ਬਚਨ ਕਰਦੇ ਨੇ।

ਕੇਸ ਰੱਖ ਲਏ। ਸਿੰਘ ਸਜ ਗਿਆ। ਲਾਲ ਚੰਦ ਤੋਂ ਲਾਲ ਸਿੰਘ ਬਣ ਗਿਆ। ਗੁਰੂ ਸਾਹਿਬ ਨੇ ਕੀਰਤਨ ਦੀ ਵੀ ਬਖਸ਼ਿਸ਼ ਕੀਤੀ, ਕੀਰਤਨ ਕਰਨ ਲੱਗਾ।

ਹਿੰਮਤ ਸਿੰਘ ਦਾ ਪਿਤਾ ਤੇ ਭਰਾ ਉਸਦੇ ਛੋਟੇ ਹੁੰਦਿਆਂ ਹੀ ਚੜ੍ਹਾਈ ਕਰ ਗਏ ਸਨ। ਭੈਣ ਅਤੇ ਮਾਤਾ ਸਨ। ਜ਼ਿੰਮੇਵਾਰੀ ਉਸ ਦੇ ਸਿਰ ਪੈ ਗਈ ਸੀ, ਆਰਥਿਕ ਹਾਲਤ ਠੀਕ ਨਹੀਂ ਸੀ, ਪਰ ਜਦ ਵੀ ਬਾਬਾ ਜੀ ਉਧਰ ਆਉਂਦੇ ਪਰਸ਼ਾਦੇ ਦੀ ਸੇਵਾ ਬਿਨਾਂ ਨਾਗਾ ਕਰਦੇ।

.....ਫਿਰ ਐਸੀ ਕਿਰਪਾ ਹੋਈ ਮਾਇਕ ਤੰਗੀ ਦੂਰ ਹੋ ਗਈ। ਅਮੀਰਾਂ ਵਿੱਚ ਤਾਂ ਨਹੀਂ ਆਏ, ਗੁਜ਼ਾਰਾ ਚੰਗਾ ਚੱਲਣ ਲੱਗਾ। ਉਹ ਚਾਹੁੰਦਾ ਵੀ ਇਹੋ ਸੀ।

ਓਹਨੀਂ ਦਿਨੀਂ ਭਾਈ ਗਿਆਨ ਸਿੰਘ, ਜੀਵਨ ਸਿੰਘ ਦਾ ਜੱਥਾ ਕੀਰਤਨ ਕਰਿਆ ਕਰਦਾ। ਇੱਕ ਦਿਨ ਕਿਸੇ ਕਾਰਨ ਉਹ ਸਮੇਂ-ਸਿਰ ਨਾ ਪੁੱਜੇ। ਕੀਰਤਨ ਦਾ ਸਮਾਂ ਹੋ ਗਿਆ ਸੀ। ਬਾਬਾ ਜੀ ਨੇ ਭਾਈ ਹਿੰਮਤ ਸਿੰਘ ਨੂੰ ਕੀਰਤਨ ਕਰਨ ਲਈ ਕਿਹਾ।

"ਜੀ, ਦਾਸ ਨੂੰ ਤਾਂ ਕੀਰਤਨ ਕਰਨਾ ਆਉਂਦਾ ਨਹੀਂ।" ਉਸਨੇ ਬੇਨਤੀ ਕੀਤੀ। "ਤੂੰ ਬੈਠ ਤੇ ਸਹੀ ਸਭ ਆ ਜਾਵੇਗਾ।" ਬਾਬਾ ਜੀ ਨੇ ਬਚਨ ਕੀਤਾ।

ਬੈਠ ਗਿਆ। ਇਕ ਸੁਰ ਛੱਡ ਕੇ ਸ਼ਬਦ ਪੜ੍ਹਨ ਲੱਗਾ। ਉਸਨੂੰ ਖੁਦ ਹੈਰਾਨੀ ਸੀ ਕਿ ਉਹ ਸ਼ਬਦ ਕਿਵੇਂ ਪੜ੍ਹ ਰਿਹਾ ਹੈ। ਉਸ ਦਿਨ ਤੋਂ ਬਾਅਦ ਉਹ ਕੀਰਤਨ ਕਰਨ ਲੱਗਾ ਸੀ। ਲਾਲ ਸਿੰਘ ਨਾਲ ਜੱਥਾ ਬਣ ਗਿਆ। ਜਦ ਵੀ ਬਾਬਾ ਜੀ ਝੰਗ-ਮਘਿਆਣੇ ਆਉਂਦੇ, ਦੋਨੋਂ ਕੀਰਤਨ ਦੁਆਰਾ ਹਾਜ਼ਰੀ ਭਰਦੇ। ਕੰਮ ਵਿੱਚੋਂ ਸਮਾਂ ਕੱਢ ਕੇ ਨਾਨਕਸਰ ਵੀ ਆ ਜਾਇਆ ਕਰਦੇ।

ਹੁਜਰੇ ਵੀ ਦੋ ਕੁ ਹਫਤੇ ਰਹਿ ਕੇ ਕੀਰਤਨ ਦੁਆਰਾ ਹਾਜ਼ਰੀ ਭਰਦੇ ਰਹੇ। ਜਦ ਜਾਣ ਲਈ ਆਗਿਆ ਲੈਣ ਬਾਬਾ ਜੀ ਪਾਸ ਗਏ ਤਾਂ ਬਾਬਾ ਜੀ ਨੇ ਪ੍ਰਸੰਨਤਾ ਨਾਲ ਬਚਨ ਕੀਤਾ, "ਕੁਝ ਮੰਗ ਲਓ।"

"ਜੀ..... ਕਿਰਪਾ ਹੈ।" ਉਨ੍ਹਾਂ ਨੇ ਹੱਥ ਜੋੜੇ। ਇੰਨੇ ਨੂੰ ਭਾਈ ਨਾਨਕਾ ਸਿੰਘ ਉਧਰ ਆ ਗਿਆ। "ਮੰਗ ਲਓ ਕੁਝ!" ਬਾਬਾ ਜੀ ਨੇ ਫਿਰ ਬਚਨ ਕੀਤਾ।

"ਜੀ ਇਸ 'ਤੇ ਕਿਰਪਾ ਕਰੋ।" ਉਨ੍ਹਾਂ ਕਿਹਾ। ਨਾਨਕ ਸਿੰਘ ਬਾਰੇ ਇਸ ਮੰਗ ਦਾ ਕਾਰਨ ਸੀ ਕਿ ਉਹ ਵੀ ਝੰਗ-ਮਘਿਆਣੇ ਦਾ ਸੀ ਅਤੇ ਠਠਿਆਰ ਦਾ ਹੀ ਕੰਮ ਕਰਦਾ ਰਿਹਾ ਸੀ।

"ਇਹਦਾ ਕੀ ਕੀਤਾ ਜਾਵੇ। ਚੀਜ਼ ਤਿਆਰ ਕਰਦਾ ਤਾਂ ਛਕਣ ਦਾ ਫੁਰਨਾ ਮਨ ਵਿੱਚ ਬਣਾ ਲੈਂਦਾ।

ਪਰਸ਼ਾਦੇ ਦਾ ਭੋਗ ਲਵਾਉਣਾ ਹੁੰਦਾ ਐ ਗੁਰੂ ਨਾਨਕ ਪਾਤਸ਼ਾਹ ਨੂੰ! ਇਹ ਠੀਕ ਨਹੀਂ ਕਰਦਾ।'' ਬਾਬਾ ਜੀ ਨੇ ਬਚਨ ਕੀਤਾ।

ਇੱਕ ਵਾਰ ਨਾਨਕਸਰ ਬਾਬਾ ਜੀ ਸੈਰ ਕਰਨ ਬਾਉਲੀ ਵੱਲ ਜਾਣ ਲੱਗੇ ਤਾਂ ਰਾਹ ਵਿੱਚ ਕੁੱਤਿਆਂ ਨੇ ਇੱਕ ਹਿਰਨ ਦੇ ਬੱਚੇ ਨੂੰ ਫੜ ਲਿਆ। ਬਾਬਾ ਜੀ ਦੇ ਇਸ਼ਾਰਾ ਕਰਨ 'ਤੇ ਭਾਈ ਈਸ਼ਰ ਸਿੰਘ ਜੀ ਦੌੜ ਕੇ ਗਏ। ਉਨ੍ਹਾਂ ਨੂੰ ਦੇਖ ਕੇ ਕੁੱਤੇ ਹਿਰਨ ਨੂੰ ਛੱਡ ਕੇ ਹਰਨ ਹੋ ਗਏ। ਬਾਬਾ ਜੀ ਨੇ ਜਗਰਾਵਾਂ ਤੋਂ ਡਾਕਟਰ ਸੱਦ ਕੇ ਹਿਰਨ ਦੇ ਜ਼ਖਮਾਂ ਤੇ ਮਲ੍ਹਮ ਪੱਟੀ ਕਰਾਈ। ਡਾਕਟਰ ਰੋਜ਼ ਪੱਟੀ ਕਰ ਜਾਂਦਾ। ਹਫਤੇ ਕੁ ਬਾਅਦ ਹਿਰਨ ਮਰ ਗਿਆ। ਬਾਬਾ ਜੀ ਨੇ ਉਸਦੀ ਖੱਲ ਦਾ ਜੋੜਾ ਬਣਵਾ ਲਿਆ। ਨੱਥਾ ਸਿੰਘ ਇਹ ਦੇਖ ਕੇ ਬੜਾ ਹੈਰਾਨ ਹੋਇਆ, ਕਿਉਂਕਿ ਆਮ ਤੌਰ ਤੇ ਬਾਬਾ ਜੀ ਖੱਲ ਦਾ ਜੋੜਾ ਨਹੀਂ ਸਨ ਪਾਉਂਦੇ। ਪੁੱਛਣ 'ਤੇ ਬਾਬਾ ਜੀ ਨੇ ਦੱਸਿਆ ਕਿ ਉਹ ਹਿਰਨ ਪਿਛਲੇ ਜਨਮ ਵਿੱਚ ਭਾਈ ਭਾਗ ਸਿੰਘ ਸੀ, ਜੋ ਸੇਵਾ ਤਾਂ ਕਰਦਾ, ਪਰ ਪਹਿਰੇ ਦੀ ਸੇਵਾ ਵੇਲੇ ਆਉਣ ਵਾਲਿਆਂ ਨੂੰ ਕੌੜੇ ਬਚਨ ਬੋਲਿਆ ਕਰਦਾ। ਭੋਗ ਲਵਾਉਣ ਵਾਸਤੇ ਥਾਲ ਤਿਆਰ ਹੁੰਦਾ ਤਾਂ ਵਿੱਚ ਪਦਾਰਥ ਦੇਖਿਆ ਕਰਦਾ। ਕਈ ਵਾਰ ਹਜ਼ੂਰੀਏ ਨੂੰ ਆਖਦਾ ਭੋਗ ਲਵਾ ਕੇ ਇਹ ਪਦਾਰਥ ਪਹਿਲਾਂ ਮੈਨੂੰ ਦੇਣਾ। ਇਸ ਦਾ ਫਲ ਹਿਰਨ ਦੀ ਜੂਨੀ ਵਿੱਚ ਪੈ ਕੇ ਭੋਗਿਆ, ਪਰ ਸੇਵਾ ਨੂੰ ਵੀ ਫਲ ਲੱਗਣਾ ਸੀ, ਸੋ ਬਖਸ਼ਿਆ ਵੀ ਗਿਆ।

ਨਾਨਕਾ ਸਿੰਘ ਭਾਵੇਂ ਭਾਗ ਸਿੰਘ ਵਾਂਗ ਤਾਂ ਨਹੀਂ ਕਿਹਾ ਕਰਦਾ ਪਰ ਮਨ ਵਿੱਚ ਫੁਰਨਾ ਬਣ ਜਾਇਆ ਕਰਦਾ ਸੀ। ਬਾਬਾ ਜੀ ਨੇ ਕਈ ਵਾਰ ਸਮਝਾਇਆ। ਬਿਹੰਗਮ ਬਣ ਕੇ ਹਜ਼ੂਰੀ ਸੇਵਾ ਕਰਿਆ ਕਰਦਾ ਸੀ। ਸੇਵਾ ਤਤਪਰਤਾ ਨਾਲ ਕਰਦਾ, ਪਰ ਭੁੱਲਾਂ ਵੀ ਹੋ ਜਾਇਆ ਕਰਦੀਆਂ। ਤਾੜਨਾ ਹੁੰਦੀ। ਹਜ਼ੂਰੀ ਸੇਵਾ ਕੋਈ ਖੇਡ ਨਹੀਂ, ਤੇ ਉੱਤੋਂ ਤਾੜਨਾ, ਬਾਬਾ ਜੀ ਪਾਸੋਂ ਆਗਿਆ ਮੰਗਣੀ, ਪਰ ਬਾਬਾ ਜੀ ਨੇ ਸਮਝਾਉਣਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਸੇਵਾ ਭਾਗਾਂ ਨਾਲ ਮਿਲਦੀ ਹੈ। ਕੁਝ ਦਿਨ ਰੁਕਣਾ ਫਿਰ ਛੁੱਟੀ ਮੰਗਣੀ ਪਰ ਮਿਲਣੀ ਨਾ।

ਹਜ਼ੂਰੀ ਸੇਵਾ ਸਭ ਤੋਂ ਔਖੀ ਹੁੰਦੀ ਹੈ, ਪਰ ਹੁੰਦੀ ਹੈ ਸੁੱਖਾਂ ਦੀ ਸਾਰ। ਦੁਨੀਆਂ ਦੇ ਲੋਕ ਸੁੱਖ ਚਾਹੁੰਦੇ ਹਨ, ਸੁੱਖਾਂ ਦੇ ਲੋਭ ਵਿੱਚ ਐਰੇ-ਗੈਰਿਆਂ ਦੀ ਜੀ ਹਜ਼ੂਰੀ ਕਰਦੇ ਫਿਰਦੇ ਨੇ ਪਰ ਜਿੱਥੋਂ ਸੁੱਖ ਮਿਲਦਾ ਹੈ, ਉਧਰ ਸਮਾਂ ਨਹੀਂ ਕੱਢਦੇ।

*ਮਾਲੀ ਗਉੜਾ ਮਹਲਾ ੫*
*ੴ ਸਤਿਗੁਰ ਪ੍ਰਸਾਦਿ ॥*
*ਰੇ ਮਨ ਟਹਲ ਹਰਿ ਸੁਖ ਸਾਰ ॥*
*ਅਵਰ ਟਹਲਾ ਝੂਠੀਆ ਨਿਤ ਕਰੈ*
*ਜਮੁ ਸਿਰਿ ਮਾਰ ॥੧॥ ਰਹਾਉ ॥*

(ਅੰਗ ੯੮੬)

ਨਾਨਕਾ ਸਿੰਘ ਨੂੰ ਸੇਵਾ ਪ੍ਰਾਪਤ ਹੋਈ ਸੀ, ਪਰ ਨਿਭਾਉਣੀ ਔਖੀ ਜਾਪ ਰਹੀ ਸੀ। ਕਈ ਵਾਰ ਛੁੱਟੀ ਮੰਗਣ ਤੇ ਵੀ ਬਾਬਾ ਜੀ ਤੋਂ ਆਗਿਆ ਨਾ ਮਿਲੀ ਤਾਂ ਇੱਕ ਦਿਨ ਵਿਦਿਆ ਪੜ੍ਹਨ ਦਾ ਬਹਾਨਾ ਕਰਕੇ ਮਘਿਆਣੇ ਆ ਗਿਆ। ਮਘਿਆਣੇ ਦੇ ਪ੍ਰੇਮੀਆਂ ਨੇ ਬਾਬਾ ਜੀ ਪਾਸੋਂ ਆਇਆ ਜਾਣ ਕੇ ਬਹੁਤ ਸੇਵਾ ਕੀਤੀ। ਪਰਸ਼ਾਦੇ ਦੀ ਵਾਰੀ ਬੰਨ੍ਹ ਲਈ। ਰੋਜ਼ ਇੱਕ ਘਰੋਂ ਪਰਸ਼ਾਦਾ ਆਉਂਦਾ। ਕੁਝ ਦਿਨ ਵਿਦਿਆ ਪੜ੍ਹੀ ਫਿਰ ਸੇਵਕੀ ਦਾ ਮੋਹ ਜਾਗ ਪਿਆ। ਹਜ਼ੂਰੀ ਸੇਵਾ ਕਰਦਾ ਰਿਹਾ ਸੀ, ਸੁੱਤੇ ਹੀ ਵਾਕ ਸਿਧੀ ਪ੍ਰਾਪਤ ਹੋ ਗਈ ਸੀ। ਲੋਕ ਆਪਣੀਆਂ ਔਕੜਾਂ ਦੱਸਣ ਲੱਗੇ ਤੇ ਇਹ ਉਪਾਅ ਦੱਸ ਦਿੰਦਾ।

ਕੁਝ ਸਮੇਂ ਬਾਅਦ ਬਾਗੇ ਦੇ ਪ੍ਰੇਮੀ ਬਾਗੇ ਲੈ ਗਏ, ਓਥੇ ਜਾ ਕੇ ਸੇਵਕੀ ਦਾ ਬੰਧਨ ਹੋਰ ਕਸਿਆ ਗਿਆ।

*—ਚਲਦਾ*

# ਪਰਖ ਤੇ ਪ੍ਰਪੱਕਤਾ

ਅੰਕ 133 ਵਿੱਚ 10 ਸਵਾਲ ਦਿੱਤੇ ਜਾ ਰਹੇ ਹਨ, ਇਨ੍ਹਾਂ ਸਵਾਲਾਂ ਦੇ ਨਾਲ ਤਿੰਨ-ਤਿੰਨ ਜਵਾਬ ਵੀ ਦਿੱਤੇ ਜਾ ਰਹੇ ਹਨ। ਆਪ ਜੀ ਨੇ ਇਸ ਪੰਨੇ ਦੀ ਫੋਟੋ ਸਟੇਟ ਕਰਵਾ ਕੇ ਇਨ੍ਹਾਂ ਸਵਾਲਾਂ ਦੇ ਦਿੱਤੇ ਗਏ ਜਵਾਬਾਂ ਵਿੱਚੋਂ ਠੀਕ ਜਵਾਬ ਤੇ ਸਹੀ ਦਾ ਨਿਸ਼ਾਨ ਲਗਾਉਣਾ ਹੈ ਜਾਂ ਪੋਸਟ ਕਾਰਡ ਉੱਪਰ ਸਹੀ ਉੱਤਰ ਲਿਖ ਕੇ 'ਸਿਫਤਿ ਸਾਲਾਹ' ਦਫਤਰ ਦੇ ਪਤੇ 'ਤੇ ਭੇਜੋ ਜੀ। ਜਿਨ੍ਹਾਂ ਦੇ 10 ਸਵਾਲਾਂ ਵਿੱਚੋਂ 8 ਜਵਾਬ ਠੀਕ ਹੋਣਗੇ, ਉਨ੍ਹਾਂ ਵਿੱਚੋਂ ਸਹੀ ਉੱਤਰ ਦੇਣ ਵਾਲੇ 21 ਮੈਂਬਰਾਂ ਦਾ ਡਰਾਅ ਕੱਢ ਕੇ ਉਨ੍ਹਾਂ ਨੂੰ ਭਾਈ ਗੁਰਇਕਬਾਲ ਸਿੰਘ ਜੀ ਦੇ ਕੀਰਤਨ ਦੀ ਵੀ.ਸੀ.ਡੀ. ਸਤਿਕਾਰ ਸਹਿਤ ਭੇਜੀ ਜਾਵੇਗੀ। —ਸੰਪਾਦਕ

1. ਧੰਨ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦਾ ਪ੍ਰਕਾਸ਼ ਅਸਥਾਨ ਦੱਸੋ?
ੳ) ਗੁ: ਸ਼ੀਸ਼ ਮਹਿਲ, ਕੀਰਤਪੁਰ ਸਾਹਿਬ ਅ) ਗੁ: ਗੁਰੂ ਕਾ ਬਾਗ ੲ) ਗੁ: ਬੰਗਲਾ ਸਾਹਿਬ, ਦਿੱਲੀ
2. ਦਸਾਂ ਪਾਤਿਸ਼ਾਹੀਆਂ ਵਿੱਚੋਂ ਕਿਹੜੇ ਸਤਿਗੁਰੂ ਜੀ ਸਭ ਤੋਂ ਛੋਟੀ ਉਮਰ ਦੇ ਸਨ?
ੳ) ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਅ) ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ੲ) ਸ੍ਰੀ ਗੁਰੂ ਅੰਗਦ ਦੇਵ ਜੀ
3. ਗੁਰਮੁੱਖੀ ਅੱਖਰਾਂ ਦੀ ਪੜ੍ਹਾਈ ਕਿਹੜੇ ਗੁਰੂ ਸਾਹਿਬਾਨ ਨੇ ਸ਼ੁਰੂ ਕੀਤੀ?
ੳ) ਸ੍ਰੀ ਗੁਰੂ ਨਾਨਕ ਦੇਵ ਜੀ ਨੇ ਅ) ਸ੍ਰੀ ਗੁਰੂ ਅੰਗਦ ਦੇਵ ਜੀ ਨੇ ੲ) ਸ੍ਰੀ ਗੁਰੂ ਰਾਮਦਾਸ ਜੀ ਨੇ
4. ਧੰਨ ਸ੍ਰੀ ਗੁਰੂ ਅਮਰਦਾਸ ਜੀ, ਧੰਨ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਕਿੰਨੇ ਸਾਲ ਸੇਵਾ ਕਰਦੇ ਰਹੇ?
ੳ) 8 ਸਾਲ ਅ) 10 ਸਾਲ ੲ) 12 ਸਾਲ
5. ਭਾਈ ਗੁਰਦਾਸ ਜੀ ਨੂੰ ਸਿੱਖੀ ਵਿੱਚ ਆਉਣ ਲਈ ਕਿੰਨ੍ਹਾਂ ਨੇ ਪ੍ਰੇਰਿਤ ਕੀਤਾ?
ੳ) ਧੰਨ ਸ੍ਰੀ ਗੁਰੂ ਅਮਰਦਾਸ ਜੀ ਨੇ
ਅ) ਧੰਨ ਸ੍ਰੀ ਗੁਰੂ ਰਾਮਦਾਸ ਜੀ ਨੇ
ੲ) ਧੰਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ
6. ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਗੁਰਬਾਣੀ ਕਿੰਨ੍ਹਾਂ ਕੋਲੋਂ ਲਿਖਵਾਈ?
ੳ) ਭਾਈ ਮਨੀ ਸਿੰਘ ਜੀ ਤੋਂ ਅ) ਬਾਬਾ ਬੁੱਢਾ ਸਾਹਿਬ ਜੀ ਤੋਂ ੲ) ਭਾਈ ਗੁਰਦਾਸ ਜੀ ਤੋਂ
7. ਪ੍ਰਭਾਤ ਫੇਰੀ ਦੀ ਸਭ ਤੋਂ ਪਹਿਲੀ ਚੌਂਕੀ ਕਿੱਥੋਂ ਮੰਨੀ ਜਾਂਦੀ ਹੈ?
ੳ) ਅੰਮ੍ਰਿਤਸਰ ਵੱਲੋਂ ਅ) ਅਨੰਦਪੁਰ ਸਾਹਿਬ ਵੱਲੋਂ ੲ) ਗਵਾਲੀਅਰ ਵੱਲੋਂ
8. ਬਾਬਾ ਬੁੱਢਾ ਸਾਹਿਬ ਜੀ ਕਿੰਨੇ ਗੁਰੂ ਸਾਹਿਬਾਨਾਂ ਦੀ ਸੇਵਾ ਵਿੱਚ ਰਹੇ?
ੳ) 4 ਗੁਰੂ ਸਾਹਿਬਾਨਾਂ ਦੀ ਅ) 5 ਗੁਰੂ ਸਾਹਿਬਾਨਾਂ ਦੀ ੲ) 6 ਗੁਰੂ ਸਾਹਿਬਾਨਾਂ ਦੀ
9. ਉਹ ਕੌਣ ਸੀ, ਜੋ ਬੀਮਾਰ ਹੋਣ ਤੇ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੇ ਔਸ਼ਧਾਲੇ ਵਿੱਚ ਕੀਰਤਪੁਰ ਸਾਹਿਬ ਆਇਆ ਸੀ?
ੳ) ਸ਼ਾਹਜਹਾਨ ਦਾ ਪੁੱਤਰ ਦਾਰਾ ਸ਼ਿਕੋਹ
ਅ) ਔਰੰਗਜ਼ੇਬ ਦਾ ਪੁੱਤਰ ਬਹਾਦਰ ਸ਼ਾਹ
ੲ) ਜ਼ਕਰੀਆ ਖਾਨ
10. ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਭੈਣ ਜੀ ਦਾ ਕੀ ਨਾਮ ਸੀ?
ੳ) ਬੀਬੀ ਭਾਨੀ ਜੀ ਅ) ਬੀਬੀ ਅਨੋਖੀ ਜੀ
ੲ) ਬੀਬੀ ਵੀਰੋ ਜੀ

## ਪਿਛਲੇ ਅੰਕ ਦੇ ਸਹੀ ਜਵਾਬ :-

1. ਗੁ: ਗੁਰੂ ਕੀ ਵਡਾਲੀ ਸਾਹਿਬ, 2. ਸਰਹੰਦ ਵਿੱਚ, 3. ਭਾਈ ਸੰਗਤ ਸਿੰਘ ਜੀ ਦੇ, 4. ਭਾਈ ਜੀਵਨ ਸਿੰਘ (ਭਾਈ ਜੈਤਾ ਜੀ) ਨੇ, 5. ਸ੍ਰੀ ਚਮਕੌਰ ਸਾਹਿਬ, 6. ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਲਈ, 7. ਬਾਬਾ ਮੋਤੀ ਰਾਮ ਮਹਿਰਾ ਜੀ ਨੇ, 8. ਲੱਖੀ ਸ਼ਾਹ ਵਣਜਾਰਾ ਜੀ ਨੇ, 9. ਪਹੂਵਿੰਡ, 10. 101 ਪਾਠ

## ਜੇਤੂਆਂ ਦੇ ਨਾਮ :

1. ਸ੍ਰ. ਜਗਜੀਤ ਸਿੰਘ (ਮਾਨਸਾ), 2. ਕੈਪਟਨ ਪਾਲ ਸਿੰਘ (ਜ਼ਿਲ੍ਹਾ ਫਤਹਿਗੜ੍ਹ ਸਾਹਿਬ), 3. ਬੀਬੀ ਗੁਲਇੰਦਰ ਕੌਰ (ਮਨਸੂਰੀ), 4. ਸ੍ਰ. ਸੁਖਬੀਰ ਸਿੰਘ ਬਾਜਵਾ (ਜ਼ਿਲ੍ਹਾ ਕਪੂਰਥਲਾ), 5. ਸ੍ਰ. ਹਰਦਿਆਲ ਸਿੰਘ ਭਾਟੀਆ (ਜ਼ਿਲ੍ਹਾ ਸੋਲਨ), 6. ਬੀਬੀ ਜਸਬੀਰ ਕੌਰ ਬਾਜਵਾ (ਸ਼ਹੀਦ ਭਗਤ ਸਿੰਘ ਨਗਰ), 7. ਬੀਬੀ ਹਰਭਜਨ ਕੌਰ (ਪਟਿਆਲਾ), 8. ਬੀਬੀ ਬਲਜੀਤ ਕੌਰ (ਹਰਿਆਣਾ), 9. ਸ੍ਰ. ਪ੍ਰੀਤਮ ਸਿੰਘ ਨਾਮਧਾਰੀ (ਝਾੜਖੰਡ), 10. ਸ੍ਰ. ਕਸ਼ਮੀਰ ਸਿੰਘ (ਜ਼ਿਲ੍ਹਾ ਜਮੁਨਾ ਨਗਰ), 11. ਸ੍ਰ. ਹਰਭਜਨ ਸਿੰਘ (ਚੰਦੌਸੀ), 12. ਡਾ. ਕ੍ਰਿਪਾਲ ਸਿੰਘ (ਜ਼ਿਲ੍ਹਾ ਲੁਧਿਆਣਾ), 13. ਸ੍ਰ. ਝਰਮਲ ਸਿੰਘ ਕਾਹਲੋਂ (ਨਵਾਂ ਸ਼ਹਿਰ), 14. ਸ੍ਰ. ਯੁਧਵੀਰ ਸਿੰਘ (ਸ੍ਰੀ ਮੁਕਤਸਰ ਸਾਹਿਬ), 15. ਸ੍ਰ. ਜਗਮੋਹਨ ਸਿੰਘ (ਜ਼ਿਲ੍ਹਾ ਗੁਰਦਾਸਪੁਰ) 16. ਕੈਪਟਨ ਭਜਨ ਸਿੰਘ (ਅੰਮ੍ਰਿਤਸਰ), 17. ਸ੍ਰ. ਬਲਦੇਵ ਸਿੰਘ ਰਿੰਟੂ (ਜ਼ਿਲ੍ਹਾ ਗੁਰਦਾਸਪੁਰ), 18. ਸ੍ਰ. ਹਰਦਰਸ਼ਨ ਸਿੰਘ (ਬਰਨਾਲਾ), 19. ਬੀਬੀ ਗੁਰਸਾਖੀ ਕੌਰ (ਜ਼ਿਲ੍ਹਾ ਗੁਰਦਾਸਪੁਰ), 20. ਸ੍ਰ. ਸੁਰਖਾਬ ਸਿੰਘ ਓਠੀ (ਅੰਮ੍ਰਿਤਸਰ)

# प्रश्न उत्तर
# ज़िंदगी की बारीकियाँ

प्यारे पाठको, कई बार आध्यात्मिक रूप में संगतें अपने मन के विचार या परमार्थ पर चलने के लिए महत्वपूर्ण प्रश्न भाई साहिब भाई गुरइकबाल सिंघ जी से व्यक्त करती रहती हैं। गुरु साहिब जी की कृपा से इन प्रश्नों को उत्तर के साथ पिछले काफी समय से शृंखलाबद्ध ढंग से सिफति सालाह में प्रकाशित कर रहे हैं, क्योंकि लगभग प्रत्येक जिज्ञासु को इनका सामना करना पड़ता है। क्या मालूम किसी को अपना उत्तर इसमें से प्राप्त हो जाए और ज़िंदगी की बारीकियां समझ सके। पिछले अंकों में 468 प्रश्न-उत्तर दिए गए थे। गुरु साहिब जी की कृपा से शृंखला आगे बढ़ा रहे हैं। हम धन्यवादी हैं समूह संगत के जिन्होंने उद्यम-प्रयास किया है।

बीबी जतिंदर कौर
(ज्योति दारा बहन जी, अमरीका वाले)

*शृंखला जोड़ने के लिए पिछला अंक देखें-*

**469 प्रश्नः** आदरणीय वीर जी, पूर्ण संत की क्या निशानियाँ हैं?

**उत्तरः** पहली निशानी में तीन वचन किए साँईं मियां मीर जी ने। कहते, *जो पूर्ण संत है, वह सारे विकारों को, वासनाओं को तथा सारी चाहतों को खत्म कर लेता है।* संगत जी पिछले अंक में आप जी ने पूर्ण संत की पहली निशानी के विचार को पढ़ा है। अब इस अंक में सतिगुरु जी पूर्ण संत की शेष निशानियों के बारे में विचारों को वर्णन कर रहे हैं।

### *पूर्ण संत की दूसरी निशानी :*

*पूर्ण संत जगत में मृतक की तरह रहता है।* जहाँ जगत में मृतक समान रहने की अवस्था आ जाए फिर वह अपने आप को मुसाफिर समझता है। वह जिंदगी में अधिकतर संसारी कार्यों में नहीं जुड़ता, दुनिया में रहता हुआ तृष्णावों से दूर रहता है, दुनियावी पदार्थों से किनारा रखता है। वह मृतक की तरह जीवन व्यतीत करता है कि मैंने अब चले तो जाना ही है, अधिक धन एकत्र करके क्या लेना है? जगत में रहते हुए अपने आपको मृतक समझ लेना यह बहुत बड़ी अवस्था है। विचार पूर्ण संत की निशानियों पर चल रही है पर गृहस्थी ने भी यहाँ से सीख लेनी है। यदि यह दात कहीं प्राप्त हो जाए तो आपकी बहुत सारी समस्याएँ हल हो जाएँगी। बहुत सारे झंझट खत्म हो जाएँगे। कभी नोट करना, जिसने अपने आप को मृतक समझ लिया, वह सोचता है कि एक अढाई गीठ का श्वास जो अंदर गया है पता नहीं यह श्वास बाहर आना भी है कि नहीं फिर क्या जरुरत है ज्यादा विस्तार करने की? फिर क्या जरुरत है किसी की निंदा करने की? यह पूर्ण संत की दूसरी

निशानी है कि वह जगत में मृतक की तरह रहता है। धन्य श्री गुरु अंगद देव जी महाराज इस बारे शिक्षा देते हैं:

*सलोकु मः २॥*
*जिनी चलणु जाणिआ से किउ करहि विथार ॥*
(अंग ७८७)

भाई गुरदास जी इस निशानी को और स्पष्ट करते हुए समझाते हैं:

*मुरदा होइ मुरीद न गली होवणा ॥*
(वार ३, पउड़ी १८)

जैसे मृतक के आगे कोई खुशी अथवा गमी की बात सामने रखी जाए तो वह एक समान रहता है, उसको कोई फर्क नहीं पड़ता, वैसे पूर्ण संत भी सब परिस्थितियों में एक समान रहता है। मृतक रहने से भाव उसने मन को संसारी मोह-माया से दूर कर लिया है।

यह पूर्ण संत की दूसरी निशानी, पूर्ण संत जगत में मृतक की तरह रहता है।

### *पूर्ण संत की तीसरी निशानी :*

*पूर्ण संत का जीवन निष्काम हो जाता है।* यह पता कैसे लगे कि हमारी जिंदगी में भी निष्कामता आई है या नहीं। आज मान लो आपने किसी का काम संवार दिया है और साथ ही आप सोचो कि अब इसके बदले इससे कोई काम लेना है। ये निष्कामता नहीं यह स्वार्थ है। महापुरुषों का वचन है- नेकी करके भूल जाओ। आप में से कई शरीर नौकरियां करते हैं, अब आप सोचोगे कि हम तो नौकरी करके वेतन लेते हैं हम में निष्कामता कैसे आ सकती है?

बाबा नंद सिंघ जी वचन करते थे कोई जितना भी वेतन लेता है, मालक को वेतन से अधिक काम करके देता है, यह उसकी निष्कामता ही है। बाबा नंद सिंघ जी के पास एक मिस्त्री आया और आकर कहता- बाबा जी मेरे घर में शांति नहीं। बाबा जी कहते, कितनी दिहाड़ी लेता है? कहता, जी 12 आने। बाबा जी कहते, मालिक को काम 14 आने का करके दिया कर, शांति स्वयं ही आ जाएगी। दिहाड़ीदार की और सर्विस वाले की यह निष्कामता है, दास गुरु की कृपा से कह रहा है जो अपने मालिक को अपने वेतन से अधिक काम करके देता है, उसके बच्चों की बुद्धि बिगड़ती नहीं, ठीक रहती है।

काफी साल पुरानी बात है कि एक बीबी ने संगत में नया-नया आना शुरु किया, वह सरकारी स्कूल में टीचर थी। दास ने उस बीबी को पूछा कि कितनी सैलरी है आपकी, कहती जी अठारां हजार रुपए। फिर दास ने कहा- सच बताना बच्चों को कितने दिन पढ़ाते हो साल में। वह कहने लगी- जी, महीना सवा महीना। दास ने कहा कि बाकी समय, कहती गाँव में नौकरी है, गांवों के बच्चे हैं, कौन कोई पूछता है। कहती- बच्चों से घर के लिए कभी कुछ मंगवा लिया और कभी कुछ। ऐसे ही दिन व्यतीत हो जाते हैं। जब पेपरों के दिन निकट आते हैं, तब बच्चों से मेहनत करवा लेते हैं। फिर दास ने पूछा- यह क्यों? कहती सरकारी स्कूल है, कौन कोई देख रहा है। दास ने उस टीचर को फिर विनती की सरकार देखे या न देखे पर गुरु नानक साहिब देख रहे हैं।

आपके घर 18000/- रुपए आ रहे हैं चाहे आप सरकारी टीचर हो पर जो 30-40 बच्चे आपकी क्लास में पढ़ रहे हैं, आप इतनी सख्त मेहनत करो कि इन बच्चों के जीवन में अच्छे गुण आ जाएँ। यह बहुत बड़ी जिम्मेदारी होती है टीचर की। अब एक अनजान बच्चे को क्या पता कि नीला रंग कौन-सा है, लाल रंग कौन-सा है। यह पहचान करने के गुण टीचर ही उस में डालती है। छोटे बच्चे को क्या पता कौन-सा नोट पाँच का है, कौन-सा दस का। टीचर बच्चों का संसारी अगवाई देने वाली है और वह बच्चों के दिमाग में यह गुण डालती है। अब अढ़ाई साल के बच्चे को क्या पता घड़ी पर टाइम क्या हुआ है, टीचर की बहुत बड़ी जिम्मेदारी है यह भी भक्ति है। यह न देखो कि कोई देख रहा है या नहीं, मन में भय रखो कि मेरा गुरु नानक देख रहा है। यह देखो जो 30-40 बच्चे मेरे हिस्से आए हैं, इनका जीवन बनाने की मेरी जिम्मेदारी है। अपनी सैलरी से अधिक मालिक को काम करके देना यह निष्कामता है। यह पूर्ण संत की तीसरी निशानी उसका जीवन निष्काम होता है।

*पूर्ण संत की चौथी निशानी :*

*पूर्ण संत सारे रस छोड़कर हर समय अमृत रस पीता है। नाम रस पीता है।* यदि हम सारे रस छोड़ नहीं सकते तो सारे रस कम ही कर लें तो अमृत रस पी लें। अपने जीवन में ध्यान दो, कौन-सी चीज आपके अमृत रस को चोरी कर रही है। कौन-सा समय आपके अमृत रस को काटता है। कुछ लोगों को नींद, सुस्ती, आलस्य आत्मिक रस तक पहुँचने नहीं देता। आज ज्ञान लेना कि कौन-सी चीज मेरे अमृत रस पीने में रुकावट बन रही है। कई बार आत्मिक रस तक टी.वी. के नाटक नहीं पहुँचने देते। आप सोचो कि कहाँ रुकावट है अभी पाँच पाठ जपु जी साहिब जी का नेम करने वाला रहता है पर नाटक टी.वी. पर चल पड़ा लिंक बढ़ता गया। एक नाटक से दूसरा नाटक शुरू, अब गुटका साहिब रख दिया कि बाकी पाठ कल कर लेंगे तो समझ लेना कि आपके आत्मिक रस को टी.वी. के रस ने लूट लिया है। पहचान आपने करनी है। कुछ लोगों का स्वभाव होता है कि ज्यादा धन कमा लूँ, उतना समय काम-धंधे को दो जिससे आपके घर का खर्चा चल सके।

लुधियाना का एक शरीर। दास ने पूछा- नेम कितना है तुम्हारा, वह कहता जी एक पाठ जपु जी साहिब का करता हूँ रोज। दास ने कहा और। कहता जी मेरे पास बिल्कुल समय नहीं पाठ करने के लिए। दास ने कहा कि ऐसा कौन-सा कारोबार है तुम्हारा जो तुम्हें समय नहीं लगता पाठ करने का। वह कहता मैं बैंक में नौकरी करता हूँ। दास ने कहा फिर तो तेरे पास वक्त बहुत है। सुबह 10 बजे से 5 बजे तक बैंक का समय होता है। वह शरीर कहता- मैं सुबह 6-30 बजे उठता हूँ, उसके बाद 2 फर्मों के अकाऊंट लिखता हूँ फिर बैंक जाता हूँ। नौकरी के बाद शाम को 6 बजे से 10 बजे तक दो फर्मों के अकाऊंट लिखता हूँ। दास ने पूछा कि तेरी तन्ख्वाह कितनी है? कहता 32000/- रुपए तो घर का खर्चा महीने

का 25000/- रुपए। दास ने कहा- फिर इतना धन क्यों कमा रहे हो, गुजारा तो अच्छा हो रहा है। कहता- मैंने सोचा थोड़ा-सा धन जमा कर लूं। गुरु साहिब जी गुरुबाणी में क्या फुरमाते हैं:

*खसमु मरै तउ नारि न रोवै ॥*
*उसु रखवारा अउरो होवै ॥*

(अंग ८७१)

खसम कहा है धन जमा करने वाले को, नारि कहा है धन-दौलत को। दास ने कहा कि तू कहता है धन जमा कर लूँ पर कबीर साहिब जी कहते हैं कि जब धन जमा करने वाला मरता है तो धन रोता नहीं। धन को पूछो जिसने तेरे पीछे आत्मिक रस छोड़ा था चार-चार फर्मों के अकाऊंट लगाए इतनी मेहनत की आज जब वह मर गया तू तो रोया नहीं, धन-दौलत कहती मैं तो इसलिए नहीं रोती क्योंकि अभी उस शरीर का अंतिम सस्कार भी नहीं हुआ होता मेरा साथ ही अगला खसम बन जाता है। इसलिए सारे रस कम करके अमृत रस पान करें। जिसने साथ जाना है। यह पूर्ण संत की चौथी निशानी है कि वह सारे रस छोड़कर हर समय वाहिगुरु- वाहिगुरु नाम का अमृत रस पीता है।

*पूर्ण संत की पाँचवी निशानी :*

*पूर्ण संत संसार की वस्तुओं के लिए अधिक ज़ोर नहीं लगाता।* सहज स्वभाव ही उसके पास संसार की वस्तुएँ आ जाती हैं। संसारी वस्तु आ भी जाएँ ज्यादा पकड़ नहीं रखता, सच्चा संत त्याग की अवस्था रखता है।

एक बार महाराजा रणजीत सिंघ जी भाई जगता जी के दर्शन करने आए और भाई जगता जी को सोने की बैरागन भेंट की। कई महापुरुष बंदगी वाले अभ्यासी पुरुष बैरागन लगाकर समाधि में लीन होते हैं। महाराजा रणजीत सिंघ जी कहने लगे- महापुरुषो, हमारी हाजरी परवान करो। भाई जगता जी ने बैरागन रख ली और कुछ दिनों के बाद एक नकली साधु भाई जगता जी के पास से गुजरा और देखा भाई जगता जी के पास सोने की बैरागन है, उसके मन में लालच आ गया और भाई जगता जी से वह सोने की बैरागन उठा कर कहता, यह बैरागन आपके काम की नहीं, बैरागन हमारे जैसे साधुओं को शोभा देती है, हम बैरागी हैं, यह बैरागन हमें शोभा देती है। इस बैरागन का संबंध हम से हैं, आप सेवा पंथियों से नहीं है, भाई जगता जी कहते- पुरखा, तेरा भला हो, हम तो भट्ठी जलाने वाले, दाल पकाने वाले, चपाती बनाने वाले। हम तो पहले ही सोच रहे थे कि महाराजा रणजीत सिंघ इतनी महंगी चीज हमें भेंट कर गए हैं, इसे कहाँ संभालेंगे और हमारी वाहिगुरु ने सुन ली, संभालने वाला भेज दिया। यह बैरागन तुम ले जाओ। यह देखो सोच का फर्क, यदि संसारी वस्तु आ गई है, उसके लिए ज्यादा लगाव नहीं, यदि चली गई है तो पकड़ भी नहीं। पूर्ण संत की पाँचवी निशानी संसारी वस्तुओं के लिए ज्यादा लगाव नहीं।

बाबा नंद सिंघ जी वचन करते थे जहाँ नाम नहीं वहाँ कुछ भी नहीं, फिर कहते थे

-शेष पन्ना 47 पर पढ़ो

# श्री आनंदपुर साहिब के स्थान की अनेक बड़ाईयाँ

परम सत्कारयोग्य भाई साहिब भाई गुरइकबाल सिंघ जी के द्वारा दिए गए प्रोग्राम का अनुवाद

–जसविन्द्र सिंघ (पटियाला)

*रागु धनासिरी महला ३ घरु ४*
*ੴ सतिगुर प्रसादि ॥*
*हम भीखक भेखारी तेरे तू निज पति है दाता ॥*
*होहु दैआल नामु देहु मंगत जन कंउ सदा रहउ रंगि राता ॥१॥*
*हंउ बलिहारै जाउ साचे तेरे नाम विटहु ॥*
*करण कारण सभना का एको अवरु न दूजा कोई ॥१॥ रहाउ ॥*
*बहुते फेर पए किरपन कउ अब किछु किरपा कीजै ॥*
*होहु दइआल दरसनु देहु अपुना ऐसी बखस करीजै ॥२॥*
*भनति नानक भरम पट खूल्हे गुर परसादी जानिआ ॥*
*साची लिव लागी है भीतरि सतिगुर सिउ मनु मानिआ ॥३॥१॥९॥*
(अंग ६६६)

सारी संगत श्री गुरु ग्रंथ साहिब जी, कलगीधर पिता जी के प्यार में बोलो जी सतिनाम श्री वाहिगुरु जी। आज दो काम करने हैं। आज इतिहास सुनना है, टूटी जोड़ने का और दूसरा सारी संगत ने साथ-साथ अपनी भी अरदास करनी है कि आज दिवस है, टूटी जोड़ने का, सतिगुरु जी, हमारी भी टूटी जोड़ लो। यह आपको पता है या गुरु साहिब को पता है, कहाँ से टूटी हुई है। कुछ लोगों के स्वभाव में से क्रोध नहीं जाता, एक मिनट में क्रोध आ जाता है। और हमारे पिता जी, श्री गुरु ग्रंथ साहिब जी महाराज कहते हैं कि जिसका क्रोध नहीं जाता, उसका शरीर गल जाता भाव नष्ट हो जाता है।

*कामु क्रोधु काइआ कउ गालै ॥*
*जिउ कंचन सोहागा ढालै ॥*
(अंग ९३२)

जैसे सुहागा सोने को ढालता है। अपने आस-पड़ोस में, समाज में, धर्म की दुनिया में जिसका क्रोध शांत नहीं हुआ, आज यह भी अरदास करनी है, सतिगुरु जी आज टूटी जोड़ने का दिन है, मेरी संतोष से टूटी जुड़ जाए। जिनके जीवन में से निंदा नहीं गई, आज यह मांगना है, पिता जी से, महाराज जी, कृपा करो मेरे जीवन में से निंदा नहीं गई। मुझ पर कृपा करो कि मेरी ऐसी टूटी जुड़ जाए कि मैं अपने आपको सबसे छोटा समझूं और

दुनिया को आदर से ऊँचा मानूं। यह अवस्था कौन-सी है, दास क्या बताए। निंदा व्यक्ति तब ही करता है कि मैं अच्छा और दूसरा कुछ भी नहीं। जब आपका स्वभाव बन जाएगा कि

*होहु सभना की रेणुका तउ आउ हमारै पासि ॥१॥*

(अंग ११०२)

रेणुका कहते हैं, चरणों की धूल। दास महाराज जी की हजूरी में कहता है, इस लाइफ का इतना स्वाद है, कहीं मिल जाए, वह व्यक्ति कहीं कीर्तनिया भी हो, स्टेज पर बैठकर कीर्तन कर रहा है, यदि यह अवस्था उसकी बनी है:

*होहु सभना की रेणुका तउ आउ हमारै पासि ॥१॥*

(अंग ११०२)

और कीर्तन सुनने वालों को स्वयं से ऊँचा समझेगा कि सतिगुरु जी, कीर्तन सुन रहे हैं पर इनके चरणों की मैं धूल मात्र ही हूँ। कितना रस है, इस में। निंदा तो कोस दूर रह गई। यदि गुरु साहिब यह स्वाद प्रदान कर दें:

*होहु सभना की रेणुका तउ आउ हमारै पासि ॥१॥*

(अंग ११०२)

दास महाराज जी की हजूरी में कहता है, वह अफसर की सीट पर भी बैठेगा, चाहे सामने कोई शरीर काम करवाने आया है पर उसके अंदर यह होगा, जितने काम करवाने आए हैं, हे दाता! यदि तूने मुझे कुर्सी दी है, कलम की ताकत दी है, कलम तेरी काम कर रही है चाहे यह काम करवाने आए हैं पर मैं इनके चरणों की धूल हूँ। यह ऐसी प्यारी अवस्था है, प्रभु आपके साथ हो जाएगा।

*हउमै जाई ता कंत समाई ॥*

(अंग ७५०)

यह आपकी कौन-सी चीज से टूटी हुई है, यह आपको पता है। संतोष से टूटी हुई है। अपने आपको बड़ा समझना दूसरा कोई नहीं, और एक अन्य बहुत महंगा सौदा है, वह दास के लिए भी मांगना और अपने लिए भी। कुछ लोगों की अमृत वेले से टूटी हुई है। हठपूर्वक छः बज जाते हैं, सात बज जाते हैं। आज इतिहास ही सुनो और साथ-साथ विनती भी करो। मेरी भी अमृत वेले से जुड़ जाए, संतोष से जुड़ जाए। नम्रता से जुड़ जाए, दया से जुड़ जाए, कम खाने से जुड़ जाए। दास को बाबा नंद सिंघ जी का खाने के बारे में वचन बड़ा प्यारा लगता है। किसी ने पूछा- बाबा नंद सिंघ जी, खाने के बारे में सुमति प्रदान करो तो बाबा नंद सिंघ जी कहते, जो गुरमुख है, उसका खाना और मनमुख का खाना अलग-अलग है। दो पंक्तियों में जवाब दिया। कहते, गुरमुख खाता है, सिर्फ जीने के लिए। जितना जीवन को जरुरत है, उतना ही खाना है, गुरमुख खाता है जीने के लिए पर मनमुख जीता है, खाने के लिए। यह जरुरी है। आज अरदास करो, कम खाना, कम बोलना, कम सोना, इन गुणों से हमारी टूटी जुड़ जाए।

*बहुते फेर पए किरपन कउ*
*अब किछु किरपा कीजै ॥*
*होहु दइआल दरसनु देहु अपुना*
*ऐसी बखस करीजै ॥२॥*

(अंग ६६६)

आज के दिन का मूल कहाँ से जुड़ा। वृति

ले जाओ, श्री आनंदपुर साहिब। श्री आनंदपुर साहिब ऐसी धरती है, यह ज्यादातर लोगों को नहीं पता, वह ऐसी महान धरती है जहाँ श्री गुरु गोबिंद सिंघ जी महाराज ग्यारह महीने चुप रहे हैं, कुछ देना था। श्री आनंदपुर साहिब ऐसी धरती है, जहाँ बहुत बड़ी अमृत की दात प्राप्त हुई। श्री आनंदपुर साहिब की इतनी बड़ी महान धरती है, जहाँ पाँच प्यारों से भी शीश मांगा। उनकी सृजना हुई। श्री आनंदपुर साहिब की धरती इतनी महान है कि चार साहिबजादों में से तीन साहिबजादों का जन्म वहाँ हुआ। साहिबजादा जुझार सिंघ जी, साहिबजादा जोरावर सिंघ जी, साहिबजादा फतेह सिंघ जी। इन तीन साहिबजादों का जन्म श्री आनंदपुर साहिब में हुआ। यहाँ बैठे सुरति से हाजरी लगाओ। बड़े साहिबजादे बाबा अजीत सिंघ जी का जन्म पाऊंटा साहिब में हुआ। श्री आनंदपुर साहिब की धरती ऐसी है कि जिस धरती पर केशों से प्यार करने की खुशबू आती है, नाम ही केसगढ़ साहिब रख दिया। और एक अन्य श्री आनंदपुर साहिब के दर्शन करो। इतनी महान धरती है कि विश्व में मिसाल नहीं, अरबों-खरबों की गिनती में कहीं मिसाल नहीं, सामान्य व्यक्ति की दास बात नहीं करता, यह मिसाल कहीं नहीं कि किसी अवतार के शरीर का दो जगह सस्कार हुआ हो। और सिर्फ भले की खातिर, एक श्री गुरु तेग बहादुर जी महाराज हैं जिनके धड़ का सस्कार दिल्ली में हुआ है, आज वहाँ गुरुद्वारा रकाबगंज साहिब है और शीश का सस्कार श्री आनंदपुर साहिब हुआ है, वहाँ पर गुरुद्वारा शीशगंज साहिब है। एक गुरुद्वारा शीशगंज साहिब दिल्ली में है जहाँ महाराज जी का शीश उतरा है और एक गुरुद्वारा शीशगंज साहिब श्री आनंदपुर साहिब में है जहाँ शीश का सस्कार हुआ है। इतिहासकारों ने पाँच दिन का अंतराल लिखा है, 11 नवंबर के करीब धड़ का सस्कार हुआ है और पाँच दिन बाद 16 नवंबर के करीब शीश का सस्कार हुआ है, गुरुद्वारा शीशगंज साहिब श्री आनंदपुर साहिब। आज दर्शन करो, पिता जी की धरती से। जब किला छोड़ा, महाराज जी ने तो देख लो, ताकत सारी है। सिर्फ सामान्य शरीर की तरह श्री गुरु गोबिंद सिंघ जी महाराज रहे हैं। यह उदासी हुए हैं, भाई गुरबक्श सिंघ जी। श्री गुरु गोबिंद सिंघ जी महाराज ने जिम्मेदारी सौंपी इनको कि हम किला छोड़ रहे हैं और हमारे पिता जी का स्थान है, शीशगंज साहिब, यहाँ धूप-बती दीया करते रहना है। भाई गुरबक्श सिंघ जी उदासी, श्री गुरु गोबिंद सिंघ जी महाराज को कहने लगे, हमारा साधन कैसे चलेगा खाने का तो कलगीधर महाराज जी कहते, कमरे अन्न से भरे हुए हैं, यह समाप्त नहीं होंगे। यहाँ की दीया-बत्ती चलती रहे। दीया बत्ती का अर्थ कोई और न समझना। सिर्फ यह मतलब कि उस स्थान के बारे में कोई यह न समझे कि यह खत्म हो गया है। जोत जगती रहे। भाई गुरबक्श सिंघ उदासी ने कहा- महाराज जी, आज आनंदपुर साहिब का किला छोड़ रहे हो। गेहू के कमरे भर दिए और वचन दे दिया ये

समाप्त नहीं होंगे, बरकत रहेगी। पर मैं महाराज अकेला। यदि इस स्थान पर हमला करके निरादर किया, मुझे मार दिया, फिर। सोचने लगे। श्री गुरु गोबिंद सिंघ जी महाराज सोचने लगे। देख लो अपने मालिक का मुरशद का कितना आदर किया है। एक मिनट सोचते रहे और सोचकर कहते, भाई क्या कह रहे हो? वह कहने लगा-यदि उन मुगलों ने हमला किया, अपमान किया और मुझे मार दिया, फिर। महाराज जी मौज में आ गए, श्री गुरु गोबिंद सिंघ जी महाराज कहते- यह मेरे पिता जी का स्थान है, शीशगंज साहिब। मेरे पिता जी के शीश का सस्कार हुआ है। इस स्थान पर हमला करने की नज़र से जो भी बढ़ेगा, वह बढ़ते ही अंधा हो जाएगा। कैसे दाता हैं। अपने मुरशद का कैसा आदर है। कैसी उदाहरणें हैं। यह कैसे आगे इतिहास चलता है, सेवा लेना। एक पंक्ति बोलना जी:

*मन किउ बैरागु करहिगा सतिगुरु मेरा पूरा ॥*

(अंग ३७५)

